# ਪਾਠ 18 ਇਕਾਂਗੀ –'ਬੇਈਮਾਨ'

## ਪਾਠ ਦੀ ਰੂਪ-ਰੇਖਾ


18.0 ਮਨੋਰਥ
18.1 ਭੂਮਿਕਾ
18.2 ਇਕਾਂਗੀ ਦੀ ਪਰਿਭਾਸ਼ਾ
18.3 ਪੰਜਾਬੀ ਇਕਾਂਗੀ ਦੀ ਸੰਖੇਪ ਜਾਣਕਾਰੀ
18.4 ਨਾਟਕਕਾਰ ਈਸ਼ਵਰ ਚੰਦਰ ਨੰਦਾ
18.5 ਸਾਰ
18.6 **ਬੇਈਮਾਨ**
18.7 ਬੇਈਮਾਨ ਇਕਾਂਗੀ ਦਾ ਕਲਾ-ਪੱਖ
18.8 ਸਹਾਇਕ ਪੁਸਤਕਾਂ
18.9 ਅਭਿਆਸਾਂ ਦੇ ਉੱਤਰ


## 18.0 ਮਨੋਰਥ

ਇਕਾਂਗੀ (ਨਾਟਕ) ਸਾਹਿੱਤ ਦਾ ਇੱਕ ਜਾਣਿਆਂ-ਪਛਾਣਿਆਂ ਰੂਪ ਹੈ। ਇਸ ਪਾਠ ਦਾ ਮਨੋਰਥ ਇਹ ਹੈ ਕਿ ਪੰਜਾਬੀ ਦੇ ਨਾਟਕਕਾਰ ਈਸ਼ਵਰ ਚੰਦਰ ਨੰਦਾ ਦੇ ਇੱਕ ਇਕਾਂਗੀ 'ਬੇਈਮਾਨ' ਨੂੰ ਮੁੱਖ ਰੱਖ ਕੇ ਇਕਾਂਗੀ ਦੀ ਰਚਨਾ-ਜੁਗਤ ਨਾਲ ਤੁਹਾਡੀ ਜਾਣ-ਪਛਾਣ ਕਰਵਾਈ ਜਾਵੇ।

## 18.1 ਭੂਮਿਕਾ

ਇਕਾਂਗੀ ਨੂੰ ਪਰਭਾਸ਼ਿਤ ਕਰਨ ਦੇ ਜੋ ਜਤਨ ਹੋਏ ਹਨ, ਅਸੀਂ ਪਹਿਲਾਂ ਉਨ੍ਹਾਂ ਦੀ ਚਰਚਾ ਕਰਾਂਗੇ। ਮਗਰੋਂ, ਪੰਜਾਬੀ ਵਿੱਚ ਇਕਾਂਗੀ ਲਿਖਣ ਤੇ ਖੇਡਣ ਦੀ ਜੋ ਪਰੰਪਰਾ ਚਲੀ ਆ ਰਹੀ ਹੈ, ਉਸ ਬਾਰੇ ਵਿਚਾਰ ਕਰਾਂਗੇ। ਉਪਰੰਤ ਨਾਟਕਕਾਰ ਈਸ਼ਵਰ ਚੰਦਰ ਨੰਦਾ ਬਾਰੇ ਸੰਖੇਪ ਜਾਣਕਾਰੀ ਦਿੱਤੀ ਜਾਏਗੀ। ਤੁਹਾਨੂੰ ਨੰਦੇ ਦੇ ਹੀ ਇੱਕ ਇਕਾਂਗੀ 'ਬੇਈਮਾਨ' ਦਾ ਮੂਲ ਪਾਠ ਪੜ੍ਹਨ ਲਈ ਕਿਹਾ ਜਾਏਗਾ। ਬਾਅਦ ਵਿੱਚ 'ਬੇਈਮਾਨ' ਦੇ ਕਲਾ ਪੱਖ ਬਾਰੇ ਸੰਖੇਪ ਚਰਚਾ ਹੋਵੇਗੀ ਤੇ ਅੰਤ ਵਿੱਚ ਇਸ ਇਕਾਂਗੀ ਬਾਰੇ ਹੀ ਕੁੱਝ ਪ੍ਰਸ਼ਨ ਪੁੱਛੇ ਜਾਣਗੇ। ਨਾਲ ਹੀ ਅਸੀਂ ਭਾਸ਼ਾ ਸੰਬੰਧੀ ਵੀ ਵਿਚਾਰ ਕਰਾਂਗੇ।

## 18.2 ਇਕਾਂਗੀ ਦੀ ਪਰਿਭਾਸ਼ਾ

ਨਿੱਕੀ ਕਹਾਣੀ ਵਾਂਗ ਹੀ ਇਕਾਂਗੀ ਨੂੰ ਪਰਿਭਾਸ਼ਿਤ ਕਰਨ ਦੇ ਵੀ ਕਾਫ਼ੀ ਜਤਨ ਹੋਏ ਹਨ। ਪਰਿਭਾਸ਼ਾ ਨਿਸ਼ਚਿਤ ਕਰਨ ਸਮੇਂ ਇਸ ਦੇ 'ਮੂਲ ਉਪਯੋਗ' ਤੋਂ ਹੀ ਗੱਲ ਸ਼ੁਰੂ ਕੀਤੀ ਗਈ। ਨਾਲੇ, ਨਿੱਕੀ ਕਹਾਣੀ ਤੇ ਪੂਰੇ ਨਾਟਕ ਦੀ ਬਣਤਰ ਨੂੰ ਵੀ ਬਰਾਬਰ ਧਿਆਨ ਵਿੱਚ ਰੱਖਿਆ ਗਿਆ। ਇਸ ਲਈ ਗੱਲ ਇਕਾਂਗੀ ਦੇ 'ਮੂਲ ਉਪਯੋਗ' ਤੋਂ ਹੀ ਸ਼ੁਰੂ ਕਰਨੀ ਉੱਚਿਤ ਹੋਵੇਗੀ। ਇਕਾਂਗੀ ਦੇ ਜਨਮ ਬਾਰੇ ਸਾਰੇ ਵਿਦਵਾਨ ਇੱਕ ਗੱਲ ਨਾਲ ਸਹਿਮਤ ਹਨ ਕਿ ਇਸ ਦਾ ਜਨਮ ਪੱਛਮ ਵਿੱਚ ਹੋਇਆ। ਕਿਨ੍ਹਾਂ ਹਾਲਾਤਾਂ ਵਿੱਚ ਹੋਇਆ? ਦਰਸ਼ਕ ਨਾਟਕ ਦੇਖਣ ਲਈ ਆ ਚੁੱਕੇ ਹਨ। ਕੁੱਝ ਖਾਸ ਦਰਸ਼ਕਾਂ ਨੂੰ ਉਡੀਕਿਆ ਜਾ ਰਿਹਾ ਹੈ। ਕੁੱਝ ਦਰਸ਼ਕ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਹੀ ਆ ਚੁੱਕੇ ਹਨ। ਇਨ੍ਹਾਂ ਦਰਸ਼ਕਾਂ ਦਾ ਮਨ-ਪਰਚਾਵਾ ਕਰਨਾ ਹੈ, ਤਾਂ ਜੋ ਉਹ (ਪੂਰਾ) ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਧੀਰਜ ਨਾਲ ਬੈਠੇ ਰਹਿਣ। ਅਜਿਹੀ ਹਾਲਤ ਵਿੱਚ ਜ਼ਰੂਰੀ ਹੋ ਜਾਂਦਾ ਸੀ ਕਿ ਕੋਈ ਛੋਟੀ-ਮੋਟੀ ਝਾਕੀ ਜਾਂ ਨਕਲ ਦਰਸ਼ਕਾਂ ਸਾਹਮਣੇ ਪੇਸ਼ ਕੀਤੀ ਜਾਂਦੀ। ਇਸ ਤਰ੍ਹਾਂ ਨਾਲ ਪੇਸ਼ ਕੀਤੀ ਜਾਂਦੀ ਝਾਕੀ ਜਾਂ ਨਕਲ ਹੀ ਇਕਾਂਗੀ ਦਾ ਮੁਢਲਾ ਰੂਪ ਸੀ।'

ਕੀ ਨਾਟਕ ਕਈ ਇਕਾਂਗੀਆਂ ਦਾ ਸੰਗ੍ਰਹਿ ਹੀ ਹੁੰਦਾ ਹੈ? ਇਸ ਸੰਬੰਧ ਵਿੱਚ ਇਹੀ ਧਾਰਨਾ ਪੇਸ਼ ਕੀਤੀ ਜਾਂਦੀ ਹੈ ਕਿ ਨਹੀਂ; ਇਕਾਂਗੀ ਨਾ ਤਾਂ ਪੂਰੇ ਨਾਟਕ ਦਾ ਸਾਰ-ਸੰਖੇਪ ਹੈ ਅਤੇ ਨਾ ਹੀ ਕਿਸੇ ਨਾਟਕ ਦਾ ਅੰਸ਼-ਮਾਤਰ। ਇਸੇ ਗੱਲ ਨੂੰ ਵਧੇਰੇ ਸਪਸ਼ਟ ਕਰਨ ਲਈ ਨਿੱਕੀ ਕਹਾਣੀ ਤੇ ਨਾਵਲ ਦੇ ਆਪਸੀ ਰਿਸ਼ਤੇ ਦੀ ਵੀ ਮਿਸਾਲ ਦਿੱਤੀ ਜਾਂਦੀ ਹੈ। ਜਿਵੇਂ ਨਿੱਕੀ ਕਹਾਣੀ ਕਿਸੇ ਨਾਵਲ ਦਾ ਸਾਰ ਜਾਂ ਕਾਂਡ ਨਹੀਂ; ਉਸੇ ਪ੍ਰਕਾਰ ਇਕਾਂਗੀ ਵੀ ਨਾਟਕ ਤੋਂ ਅੱਡਰੀ ਇੱਕ ਸੁਤੰਤਰ ਕਲਾ-ਕ੍ਰਿਤ ਹੈ। ਪਰ, ਇਸ ਗੱਲੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਿਸੇ ਵੀ ਨਿੱਕੀ ਕਹਾਣੀ ਨੂੰ ਜਿਵੇਂ ਨਾਵਲ ਦੇ ਰੂਪ ਵਿੱਚ ਵਿਕਸਤ ਕੀਤਾ ਜਾ ਸਕਦਾ ਹੈ। ਉਸੇ ਪ੍ਰਕਾਰ ਇਕਾਂਗੀ ਨੂੰ ਵੀ ਪੂਰੇ ਨਾਟਕ ਦੀ ਬੁਨਿਆਦ ਦੇ

ਤੌਰ ਤੇ ਜ਼ਰੂਰ ਵਰਤੋਂ ਵਿੱਚ ਲਿਆਇਆ ਜਾ ਸਕਦਾ ਹੈ। ਹੈ ਵੀ ਠੀਕ। ਜਦ ਕਿ, ਇਕਾਂਗੀ ਤੇ ਨਾਟਕ ਵਿੱਚ ਇੱਕ ਸਾਂਝ ਤਾਂ ਹੈ ਹੀ ਕਿ ਦੋਨੋਂ ਵਾਰਤਾਲਾਪ ਰਾਹੀਂ ਹੀ ਹੋਂਦ ਵਿੱਚ ਆਉਂਦੇ ਹਨ। ਇਸੇ ਪ੍ਰਕਾਰ ਨਿੱਕੀ ਕਹਾਣੀ ਤੇ ਨਾਵਲ ਦੀ ਮੂਲ-**ਵਿਧੀ** ਬਿਰਤਾਂਤ ਹੈ। ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਨਿੱਕੀ ਕਹਾਣੀ ਤੇ ਇਕਾਂਗੀ ਇਨ੍ਹਾਂ ਦੋਹਾਂ ਵਿੱਚ ਕੁੱਝ ਸਾਂਝਾਂ ਵੀ ਹਨ। ਜਿਵੇਂ ਦੋਹਾਂ ਦੀ ਇਕਹਿਰੀ ਬਣਤਰ, ਪਾਤਰਾਂ ਦੀ ਘੱਟ ਗਿਣਤੀ ਤੇ ਪ੍ਰਭਾਵ ਦੀ ਏਕਤਾ, ਆਦਿ। ਇਸ ਪ੍ਰਕਾਰ ਇਕਾਂਗੀ ਦੀ ਹੋਂਦ ਪੂਰੇ ਨਾਟਕ ਦੀਆਂ 'ਲੋੜਾਂ' ਨੂੰ ਪੂਰੀਆਂ ਕਰਨ ਉੱਤੇ ਨਿਰਭਰ ਰਹੀ। ਦਰਸ਼ਕ ਹੀ ਨਾਟਕ ਦੀ ਸਭ ਤੋਂ ਜ਼ਰੂਰੀ ਲੋੜ ਹੁੰਦੇ ਹਨ। ਦਰਸ਼ਕਾਂ ਨੇ ਹੀ, ਇੱਕ ਤਰ੍ਹਾਂ ਨਾਲ, ਅੱਗੇ ਜਾ ਕੇ, ਸੁਤੰਤਰ ਕਲਾ-ਕ੍ਰਿਤ-ਇਕਾਂਗੀ ਦੀ ਮੰਗ ਕੀਤੀ। ਹੁਣ ਸ਼ਾਇਦ, ਉਨ੍ਹਾਂ ਪਾਸ ਪੂਰਾ ਨਾਟਕ ਦੇਖਣ ਦੀ ਫੁਰਸਤ ਨਹੀਂ ਸੀ। ਇਸੇ ਲੋੜ ਨੂੰ ਮੁੱਖ ਰੱਖਦਿਆਂ ਇਕਾਂਗੀ ਨੂੰ ਬਾਕਾਇਦਾ ਤੌਰ ਉੱਤੇ ਇੱਕ ਕਲਾ-ਕ੍ਰਿਤ ਦਾ ਰੂਪ ਦੇਣਾ ਸ਼ੁਰੂ ਹੋਇਆ। ਅੱਜ ਦੇ ਦੌਰ ਵਿੱਚ, ਇਕਾਂਗੀ, ਨਿੱਕੀ ਕਹਾਣੀ ਵਾਂਗ ਹੀ ਇੰਨਾਂ ਲੋਕ-ਪ੍ਰਿਯ, ਸ਼ਾਇਦ, ਇਸੇ ਕਰਕੇ ਹੈ ਕਿ ਇਸ ਦੇ ਦੇਖਣ ਜਾਂ ਕਹਾਣੀ ਦੇ ਪੜ੍ਹਨ ਵਿੱਚ ਘੱਟ ਸਮੇਂ ਦੀ ਲੋੜ ਪੈਂਦੀ ਹੈ। ਨਾਲੇ, ਕਲਾ ਦਾ ਅਨੰਦ ਵੀ ਮਾਣਿਆ ਜਾ ਸਕਦਾ ਹੈ। ਫਿਰ ਆਧੁਨਿਕ ਮਨੁੱਖ ਨੇ ਚੀਜ਼ਾਂ ਨੂੰ ਤੋੜ-ਤੋੜ ਕੇ ਵੀ ਦੇਖਣਾ ਸ਼ੁਰੂ ਕਰ ਦਿੱਤਾ ਹੈ।

## 18.3 ਪੰਜਾਬੀ ਇਕਾਂਗੀ ਦੀ ਸੰਖੇਪ ਜਾਣਕਾਰੀ

ਪੰਜਾਬੀ ਸਾਹਿੱਤ ਦੇ ਹੋਰ ਅਨੇਕਾਂ ਸਾਹਿੱਤ-ਰੂਪਾਂ ਵਾਂਗ ਹੀ ਇਕਾਂਗੀ ਵੀ ਕਈ ਦੌਰਾਂ ਵਿੱਚੋਂ ਲੰਘ ਚੁੱਕਿਆ ਹੈ। ਪੰਜਾਬੀ ਇਕਾਂਗੀ ਦੀ ਸੂਰਤ ਨੂੰ ਪਛਾਣਨ ਲਈ ਇਨ੍ਹਾਂ ਦੌਰਾਂ ਦੀ ਲੋੜੀਂਦੀ ਜਾਣ-ਪਛਾਣ ਕਰਵਾਉਣੀ ਜ਼ਰੂਰੀ ਹੁੰਦੀ ਹੈ। ਮੋਟੇ ਤੌਰ ਉੱਤੇ ਪੰਜਾਬੀ ਇਕਾਂਗੀ ਦੇ ਇਤਿਹਾਸ ਨੂੰ ਮੁਢਲਾ ਦੌਰ, 1940 ਦਾ ਦੌਰ ਤੇ ਆਜ਼ਾਦੀ ਜਾਂ ਦੇਸ਼-ਵੰਡ ਤੋਂ ਮਗਰੋਂ ਦਾ ਦੌਰ—ਇਨ੍ਹਾਂ ਪੜ੍ਹਾਵਾਂ ਵਿੱਚ ਵੰਡਿਆ ਜਾਂਦਾ ਹੈ। ਹੁਣ, ਅਸੀਂ ਤੁਹਾਨੂੰ ਸਿਲਸਿਲੇ ਵਾਰ ਇਨ੍ਹਾਂ ਦੌਰਾਂ ਦੀ ਲੋੜੀਂਦੀ ਜਾਣ-ਪਛਾਣ ਕਰਵਾਉਣੀ ਚਾਹਾਂਗੇ।

**ੳ) ਮੁੱਢਲਾ ਦੌਰ** : ਦੇਸ਼-ਵੰਡ ਤੋਂ ਪਹਿਲਾਂ ਲਾਹੌਰ ਹੀ ਪੰਜਾਬ ਦਾ ਸੰਸਕ੍ਰਿਤਿਕ ਕੇਂਦਰ ਸੀ। ਇਸ ਸ਼ਹਿਰ ਦੀ ਪੰਜਾਬ ਦੀ ਸਾਂਝੀ ਸੰਸਕ੍ਰਿਤੀ ਨੂੰ ਪਛਾਣਨ ਤੇ ਵਿਕਸਿਤ ਕਰਨ ਵਿੱਚ ਵੱਡਮੁੱਲੀ ਦੇਣ ਹੈ। ਜਦੋਂ ਅਸੀਂ ਪੰਜਾਬੀ ਨਾਟਕ ਦੀ ਵੀ ਗੱਲ ਕਰਦੇ ਹਾਂ ਓਦੋਂ ਸਾਡਾ ਧਿਆਨ ਲਾਹੌਰ ਦੀਆਂ ਸਾਹਿੱਤਕ ਤੇ ਸੰਸਕ੍ਰਿਤਿਕ ਸਰਗਰਮੀਆਂ ਵੱਲ ਜਾਣਾ ਸੁਭਾਵਿਕ ਹੈ। ਗੱਲ, ਇਸ ਸਦੀ ਦੇ ਪਹਿਲੇ-ਦੂਜੇ ਦਹਾਕੇ ਦੀ ਹੈ। ਇਹ ਉਹ ਸਮਾਂ ਸੀ ਜਦ ਪੰਜਾਬੀ ਨਾਟਕ-ਪਰੰਪਰਾ ਦਾ ਮੋਢੀ ਈਸ਼ਵਰ ਚੰਦਰ ਨੰਦਾ, ਦਿਆਲ ਸਿੰਘ ਕਾਲਜ ਲਾਹੌਰ ਵਿੱਚ ਐਮ. ਏ. ਅੰਗਰੇਜ਼ੀ ਦਾ ਵਿਦਿਆਰਥੀ ਸੀ। ਕਾਲਜ ਦਾ ਪ੍ਰਿੰਸੀਪਲ ਸੀ ਪੀ. ਈ. ਰਿਚਰਡਜ਼। ਪ੍ਰਿੰਸੀਪਲ ਰਿਚਰਡਜ਼ ਦੀ ਪਤਨੀ ਨੌਰਾ ਰਿਚਰਡਜ਼ ਦੀ ਨਾਟਕ ਵਿੱਚ ਦਿਲਚਸਪੀ ਕਾਰਨ ਹੀ ਪੰਜਾਬੀ ਨਾਟਕ ਹੋਂਦ ਵਿੱਚ ਆਇਆ। ਨੌਰਾ ਰਿਚਰਡਜ਼ ਦੀ ਪਹਿਲੀ ਧਾਰਨਾ ਹੀ ਇਹ ਸੀ ਕਿ ਸਾਹਿੱਤ ਦੇ ਕਿਸੇ ਵੀ ਰੂਪ ਦੇ ਵਿਕਸਿਤ ਹੋਣ ਲਈ ਉਸ ਦੀਆਂ ਜੜ੍ਹਾਂ 'ਆਪਣੀ ਧਰਤੀ' ਵਿੱਚ ਹੋਣੀਆ ਲਾਜ਼ਮੀ ਹਨ। ਨੌਰਾ ਰਿਚਰਡਜ਼ ਨੇ ਨਾਟਕ ਵਿੱਚ ਦਿਲਚਸਪੀ ਰੱਖਣ ਵਾਲੇ ਵਿਦਿਆਰਥੀਆਂ ਨੂੰ ਇਕੱਠਾ ਕੀਤਾ। ਉਨ੍ਹਾਂ ਨੂੰ ਨਾਟਕ ਲਿਖਣ, ਨਾਟਕ ਪੇਸ਼ ਕਰਨ ਤੇ ਅਭਿਨੈ ਕਰਨ ਨਾਲ ਸੰਬੰਧਿਤ ਜ਼ਰੂਰੀ ਜਾਣਕਾਰੀ ਦੇਣੀ ਸ਼ੁਰੂ ਕੀਤੀ। ਇਸ ਜਾਣਕਾਰੀ ਨੂੰ ਅਮਲ ਵਿੱਚ ਲਿਆਉਣ ਲਈ ਨੌਰਾ ਰਿਚਰਡਜ਼ ਨੇ ਨਾਟਕ ਪ੍ਰਤੀਯੋਗਤਾਵਾਂ ਦਾ ਸਿਲਸਲਾ ਵੀ ਸ਼ੁਰੂ ਕੀਤਾ। ਪੰਜਾਬੀ ਦਾ ਪਹਿਲਾ ਇਕਾਂਗੀ (ਨਾਟਕ) 'ਦੁਲਹਨ' ਈਸ਼ਵਰ ਚੰਦ ਨੰਦਾ ਨੇ 1913 ਵਿੱਚ ਲਿਖਿਆ ਤੇ ਨਾਟਕ ਪ੍ਰਤਿਯੋਗਤਾ ਲਈ ਸਟੇਜ ਉੱਤੇ ਵੀ ਪੇਸ਼ ਕੀਤਾ। ਇਸ ਇਕਾਂਗੀ ਵਿੱਚ ਨੰਦਾ ਨੇ ਅਭਿਨੈ ਵੀ ਕੀਤਾ ਸੀ। ਪੰਜਾਬੀ ਨਾਟਕ ਦਾ 'ਮੁਢਲਾ ਦੌਰ' ਇਸੇ ਇਕਾਂਗੀ ਤੋਂ ਹੀ ਆਰੰਭ ਹੋਇਆ। ਇਸੇ ਮੁਢਲੇ ਦੌਰ, ਯਾਨੀ 1913-14, ਨਾਲ ਸੰਬੰਧਿਤ ਦੋ ਹੋਰ ਨਾਟਕਕਾਰਾਂ ਦਾ ਵੀ ਜ਼ਿਕਰ ਕੀਤਾ ਜਾਂਦਾ ਹੈ। ਇਹ ਨਾਟਕਕਾਰ ਹਨ : ਐਸ.ਐਸ. ਭਟਨਾਗਰ ਤੇ ਰਜਿੰਦਰ ਲਾਲ ਸਾਹਨੀ। ਦੋਵੇਂ ਨੰਦਾ ਵਾਂਗ ਹੀ ਵਿਦਿਆਰਥੀ ਸਨ। ਭਟਨਾਗਰ ਨੇ 'ਕਰਾਮਾਤ' ਨਾਂ ਦਾ ਇਕਾਂਗੀ ਲਿਖਿਆ ਤੇ ਸਾਹਨੀ ਨੇ 'ਦੀਨੇ ਦੀ ਬਰਾਤ'। ਇਹ ਉਹ ਜ਼ਮਾਨਾ ਸੀ ਜਦ ਲੋਕਾਂ ਵਿੱਚ ਸਮਾਜ ਨੂੰ ਸੁਧਾਰਨ ਦੀ ਬੜੀ ਪ੍ਰਬਲ ਰੁਚੀ ਜਨਮ ਲੈ ਰਹੀ ਸੀ। ਨੰਦਾ ਦਾ ਇਕਾਂਗੀ 'ਦੁਲਹਨ' ਅਣਜੋੜ ਵਿਆਹ ਦੀ ਪ੍ਰਥਾ ਉੱਤੇ ਚੋਟ ਕਰਦਾ ਹੈ। ਇਸੇ ਤਰ੍ਹਾਂ ਭਟਨਾਗਰ ਨੇ 'ਕਰਾਮਾਤ' ਵਿੱਚ ਬੀਮਾਰੀ ਨੂੰ ਟੂਣਿਆਂ ਨਾਲ ਠੀਕ ਕਰਨ ਦੀ ਪ੍ਰਾਚੀਨ ਸਮਿਆਂ ਤੋਂ ਚਲੀ ਆ ਰਹੀ ਰਹੁ-ਰੀਤ ਨੂੰ ਭੰਡਿਆ। 'ਦੀਨੇ ਦੀ ਬਾਰਾਤ' ਵਿੱਚ ਵਿਆਹ ਤੇ ਕੀਤੀ ਜਾਂਦੀ ਫਜ਼ੂਲ ਖ਼ਰਚੀ ਨੂੰ ਨਿੰਦਿਆ ਗਿਆ ਸੀ। ਇਹੀ ਵਿਸ਼ਾ ਅੱਜ ਫੇਰ ਕਿਸੇ ਨਾ ਕਿਸੇ ਰੂਪ ਵਿੱਚ ਨਿੰਦਿਆ ਦਾ ਪਾਤਰ ਬਣਿਆ ਹੋਇਆ ਹੈ।

ਜਿਸ 'ਮੱਢਲੇ ਦੌਰ' ਵਿੱਚ ਤਿੰਨ ਇਕਾਂਗੀ ਲਿਖੇ ਤੇ ਖੇਡੇ ਗਏ, ਇਸ ਦੌਰ ਬਾਰੇ ਇਹ ਕਹਿਣ ਵਿੱਚ ਕੋਈ ਭੁੱਲ ਨਹੀਂ ਕਿ ਇਹੀ ਦੌਰ ਕਿਸੇ ਨਾ ਕਿਸੇ ਪ੍ਰਕਾਰ, ਸਮਾਜ ਵਿੱਚ ਸੁਧਾਰ ਲਿਆਉਣ ਲਈ ਆਧਾਰ ਬਣਿਆ।

**ਅ) ਦੂਜਾ ਦੌਰ** : ਪੰਜਾਬੀ ਇਕਾਂਗੀ ਦੇ ਦੂਜੇ ਦੌਰ ਦੀ ਗੱਲ ਕਰਦਿਆਂ ਜਿਹੜਾ ਨਾਂ ਉੱਭਰ ਕੇ ਆਉਂਦਾ ਹੈ ਉਹ ਹੈ—ਸੰਤ ਸਿੰਘ ਸੇਖੋਂ ਦਾ। ਸੇਖੋਂ ਹੋਰਾਂ ਦਾ ਪਹਿਲਾ ਇਕਾਂਗੀ ਸੰਗ੍ਰਹਿ 'ਛੇ ਘਰ' ਸੰਨ 1940 ਵਿੱਚ ਪ੍ਰਕਾਸ਼ਿਤ ਹੋਇਆ ਸੀ। ਇਸੇ ਪ੍ਰਕਾਸ਼ਨ ਤੋਂ ਹੀ ਦੂਜੇ ਦੌਰ ਦਾ ਅਰੰਭ ਮੰਨਿਆ ਜਾਂਦਾ ਹੈ। ਇਹ ਇਸ ਲਈ ਕਿ ਇਹ ਇਕਾਂਗੀ ਸੰਗ੍ਰਹਿ ਨਾ ਸਿਰਫ਼ ਸੇਖੋਂ ਸਾਹਿਬ ਦਾ ਹੀ ਪਹਿਲਾ ਸੰਗ੍ਰਹਿ ਸੀ ਬਲਕਿ ਪੰਜਾਬੀ ਇਕਾਂਗੀ ਦੇ ਇਤਿਹਾਸ ਵਿੱਚ ਵੀ ਇਹ ਪਹਿਲਾ ਪ੍ਰਕਾਸ਼ਨ ਸੀ।

'ਛੇ ਘਰ' ਦੇ ਪ੍ਰਕਾਸ਼ਨ ਮਗਰੋਂ ਸੇਖੋਂ ਹੋਰਾਂ 'ਤਪਿਆ ਕਿਉਂ ਖਪਿਆ', 'ਨਾਟ-ਸੁਨੇਹੇ', 'ਸੁੰਦਰ ਪਦ' ਨਾਂ ਦੇ ਇਕਾਂਗੀ-

1. ਰੌਸ਼ਨ ਲਾਲ ਅਹੂਜਾ ਤੇ ਗੁਰਦਿਆਲ ਸਿੰਘ ਫੁੱਲ, **ਸਾਹਿੱਤ ਦੇ ਮੁੱਖ ਰੂਪ** ਪੰਨਾ 105-112

ਸੰਗ੍ਰਹਿ ਪ੍ਰਕਾਸ਼ਿਤ ਕੀਤੇ। 'ਮੇਰੇ ਦਸ ਇਕਾਂਗੀ' ਸਿਰਲੇਖ ਹੇਠ ਸੇਖੋਂ ਸਾਹਿਬ ਨੇ 'ਛੇ ਘਰ' 'ਤਪਿਆ ਕਿਉਂ ਖਪਿਆ' ਤੇ 'ਨਾਟ-ਸੁਨੇਹੇ' ਇਕਾਂਗੀ ਸੰਗ੍ਰਹਾਂ ਵਿੱਚੋਂ ਹੀ ਦਸ ਇਕਾਂਗੀ ਲੈ ਕੇ ਨਵਾਂ ਸੰਗ੍ਰਹਿ ਪ੍ਰਕਾਸਿਤ ਕੀਤਾ। ਇਨ੍ਹਾਂ ਇਕਾਂਗੀ ਸੰਗ੍ਰਹਾਂ ਵਿੱਚੋਂ 'ਸੁੰਦਰ ਪਦ' ਨਾਂ ਦਾ ਇਕਾਂਗੀ-ਸੰਗ੍ਰਹਿ ਖ਼ਾਸ ਮਹੱਤਾ ਰਖਦਾ ਹੈ। ਉਹ ਇਸ ਲਈ ਕਿ ਇਸ ਸੰਗ੍ਰਹਿ ਵਿੱਚ ਲੋਕ-ਕਹਾਣੀਆਂ ਤੇ ਪੌਰਾਣਿਕ ਥਿਊਰਿਆਂ ਨੂੰ ਬਾਲ-ਮਨੋਵਿਗਿਆਨ ਦੇ ਨਜ਼ਰੀਏ ਤੇ ਬੱਚਿਆਂ ਲਈ ਲਿਖੇ ਗਏ ਇਕਾਂਗੀ ਸ਼ਾਮਲ ਕੀਤੇ ਗਏ ਹਨ। ਬੱਚਿਆਂ ਲਈ ਲੋੜ ਨਾਲੋਂ ਬਹੁਤ ਘੱਟ ਸਾਹਿੱਤ ਰਚਿਆ ਗਿਆ ਹੈ। ਖ਼ਾਸ ਕਰਕੇ ਨਾਟਕ ਦੇ ਖੇਤਰ ਵਿੱਚ ਤਾਂ ਬਹੁਤ ਹੀ ਘੱਟ ਉਪਰਾਲੇ ਹੋਏ ਹਨ। ਸੇਖੋਂ ਸਾਹਿਬ ਨੇ ਨਾਵਲ ਲਿਖੇ, ਕਹਾਣੀਆਂ ਲਿਖੀਆਂ, ਪੂਰੇ ਨਾਟਕ ਲਿਖੇ, ਆਲੋਚਨਾ ਦੇ ਖੇਤਰ ਵਿੱਚ ਤਾਂ ਇਹ ਮੀਲ-ਪੱਥਰ ਹਨ। ਪਰ, ਇੱਕ ਗੱਲ ਬੜੀ ਸਪਸ਼ਟ ਹੈ ਕਿ ਸੇਖੋਂ ਸਾਹਿਬ ਦੇ ਜੀਵਨ-ਦਰਸ਼ਨ ਦਾ ਪ੍ਰਗਟਾਵਾ ਹੀ ਇਨ੍ਹਾਂ ਇਕਾਂਗੀਆਂ ਵਿੱਚ ਹੋਇਆ ਹੈ। ਇਹ ਗੱਲ ਇਸ ਲਈ ਕਹੀ ਜਾ ਰਹੀ ਹੈ ਕਿ ਸੇਖੋਂ ਸਾਹਿਬ ਦੀ ਜੀਵਨ-ਦ੍ਰਿਸ਼ਟੀ ਵਿੱਚ ਇਸ ਗੱਲੋਂ ਵਿਕਾਸ ਨਹੀਂ ਹੋਇਆ ਕਿ ਉਹ ਕਿਸੇ ਦੌਰ ਵਿੱਚ ਮਾਰਕਸਵਾਦੀ ਸਨ ਤੇ ਕਿਸੇ ਹੋਰ ਦੌਰ ਵਿੱਚ ਮਾਰਕਸਵਾਦ-ਵਿਰੋਧੀ ਜਾਂ ਕੁੱਝ ਹੋਰ। ਸ਼ੁਰੂ ਤੋਂ ਲੈ ਕੇ ਅੱਜ ਤੱਕ ਉਨ੍ਹਾਂ ਦਾ ਜੀਵਨ-ਦਰਸ਼ਨ ਮਾਰਕਸਵਾਦ ਰਿਹਾ ਹੈ। ਮਾਰਕਸਵਾਦ ਦਾ ਥੋੜੇ ਸ਼ਬਦਾਂ ਵਿੱਚ ਮਤਲਬ ਸਿਰਫ਼ ਇਹ ਹੈ ਕਿ ਮੌਜੂਦਾ ਸਮਾਜ ਕਾਣੀ-ਵੰਡ ਉੱਤੇ ਆਧਾਰਿਤ ਹੈ। ਇਸ ਸਮਾਜ ਨੂੰ ਬਦਲ ਕੇ ਇੱਕ ਅਜਿਹੇ ਸਮਾਜ ਦੀ ਉਸਾਰੀ ਕਰਨੀ ਹੈ ਜਿਸ ਵਿੱਚ ਕਾਣੀ-ਵੰਡ ਦਾ ਨਾਂ ਨਿਸ਼ਾਨ ਨਾ ਹੋਵੇ। ਸੇਖੋਂ ਸਾਹਿਬ ਨੇ ਸਮਾਜ ਵਿਚਲਾ ਕੋਈ ਵੀ ਰਿਸ਼ਤਾ ਜਾਂ ਸੰਸਥਾ ਸਾਹਿੱਤ ਦੇ ਕਿਸੇ ਵੀ ਰੂਪ ਵਿੱਚ ਪੇਸ਼ ਕੀਤਾ ਹੋਵੇ, ਉਸ ਦਾ ਵਿਸ਼ਲੇਸ਼ਣ ਮਾਰਕਸਵਾਦੀ ਨਜ਼ਰੀਏ ਤੋਂ ਹੀ ਪੇਸ਼ ਕੀਤਾ ਹੈ।

ਮੁੱਢਲੇ ਦੌਰ ਵਿੱਚ ਵੀ ਨਜ਼ਰ ਸਮਾਜ ਦੀਆਂ ਬੁਰਾਈਆਂ ਉੱਪਰ ਸੀ। ਇਨ੍ਹਾਂ ਬੁਰਾਈਆਂ ਨੂੰ ਨਿੰਦਿਆ ਵੀ ਜਾਂਦਾ ਰਿਹਾ। ਨਾਟਕਕਾਰ 'ਭਲੇ' ਬੰਦਿਆਂ ਵਾਂਗ ਆਪਣੇ ਪ੍ਰਤੀਕਰਮ ਪੇਸ਼ ਕਰਦੇ ਸਨ। ਪਰ, ਇਨ੍ਹਾਂ ਪਾਸ ਇੱਕ ਨਿਸ਼ਚਿਤ ਜੀਵਨ-ਦ੍ਰਿਸ਼ਟੀ ਦੀ ਘਾਟ ਸੀ। ਸਮਾਜ ਦਾ ਸੁਧਾਰ ਤਾਂ ਚਾਹੁੰਦੇ ਸਨ ਪਰ, ਉਨ੍ਹਾਂ ਨੂੰ ਸਮਝ ਨਹੀਂ ਸੀ ਪੈ ਰਹੀ ਕਿ ਬਿਮਾਰੀ ਦੀ ਜੜ੍ਹ ਕਿੱਥੇ ਹੈ। ਦੂਜੇ ਦੌਰ ਵਿੱਚ ਇਹ ਹੋਇਆ ਕਿ ਬੁਰਾਈ ਦੇ ਵਿਸ਼ਲੇਸ਼ਣ ਲਈ ਤੇ ਇਸ ਨੂੰ ਦੂਰ ਕਰਨ ਲਈ ਮਾਰਕਸਵਾਦ ਦੇ ਰੂਪ ਵਿੱਚ ਇੱਕ ਨਿਸਚਿਤ ਦ੍ਰਿਸ਼ਟੀ ਹੱਥ ਆ ਗਈ। ਮੁੱਢਲੇ ਦੌਰ ਤੋਂ ਦੂਜੇ ਦੌਰ ਤੱਕ ਇਕਾਂਗੀ ਨੇ ਜੋ ਵਿਕਾਸ ਕੀਤਾ ਉਸ ਵਿੱਚ ਇਹ ਗੁਣਾਤਮਕ ਵਾਧਾ ਸੀ।

ਦੂਜੇ ਦੌਰ ਦੇ ਹੀ ਕੁੱਝ ਹੋਰ ਵਰਣਨਯੋਗ ਇਕਾਂਗੀ ਲੇਖਕ ਹਨ: ਗੁਰਬਖਸ਼ ਸਿੰਘ 'ਪ੍ਰੀਤਲੜੀ' ਹਰਚਰਨ ਸਿੰਘ ਤੇ ਬਲਵੰਤ ਗਾਰਗੀ। ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਹੋਰਾਂ ਦੇ ਇੱਕ ਤਰ੍ਹਾਂ ਨਾਲ, 'ਪ੍ਰੀਤ ਮੁਕਟ', 'ਹੋਣੀ ਦਾ ਲਿਸ਼ਕਾਰਾ' ਤੇ 'ਪ੍ਰੀਤਮਣੀ' ਨਾਂ ਦੇ ਲੰਮੇ ਇਕਾਂਗੀ ਪ੍ਰੀਤਨਗਰ ਦੇ ਸਥਾਪਿਤ ਹੋਣ ਤੋਂ ਮਗਰੋਂ ਹੀ ਲਿਖੇ ਤੇ ਖੇਡੇ ਗਏ। ਇਨ੍ਹਾਂ ਦਾ ਕੇਂਦਰੀ ਵਿਸ਼ਾ ਲੱਗਪੱਗ ਉਹੀ ਹੈ—ਸਹਿਜ-ਪ੍ਰੀਤ। ਜਿਸ ਦੀ ਵਿਆਖਿਆ ਇਨ੍ਹਾਂ ਸ਼ਬਦਾਂ ਵਿੱਚ ਕੀਤੀ ਗਈ ਕਿ, 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ'। ਇਸ ਪ੍ਰੀਤ ਫ਼ਲਸਫ਼ੇ ਨੇ ਪੰਜਾਬੀ ਦੇ ਬਹੁਤ ਲੇਖਕਾਂ ਤੇ ਪਾਠਕਾਂ ਉੱਤੇ ਵਾਹਵਾਹ ਜਾਦੂ ਕੀਤੀ ਰਖਿਆ। ਮਾੜੀ ਜਿਹੀ ਇਸ ਫ਼ਲਸਫ਼ੇ ਦੀ ਨਿੰਦਿਆ ਵੀ ਹੋਈ ਹੈ। ਅਤੇ ਉਹ ਇਸ ਲਈ ਕਿ ਇਹ ਪ੍ਰੀਤ ਫ਼ਲਸਫ਼ੇ ਬੰਦੇ ਦੀ ਸ਼ਰੀਰ ਤੇ ਆਤਮਾ, ਇਨ੍ਹਾਂ ਦੋਹਾਂ ਵਿੱਚ ਵੰਡ ਨੂੰ ਵਧਾਉਂਦਾ ਹੈ। ਇਹੀ ਵੰਡ, ਅੰਤਲੀ ਵਿਆਖਿਆ ਅਨੁਸਾਰ, ਸਮਾਜ ਦੀ ਕਾਣੀ-ਵੰਡ ਦਾ ਆਧਾਰ ਬਣਦੀ ਹੈ।

ਦੂਜੇ ਹੀ ਦੌਰ ਦਾ ਇੱਕ ਅਹਿਮ ਨਾਟਕਕਾਰ ਹੈ—ਹਰਚਰਨ ਸਿੰਘ। ਹਰਚਰਨ ਸਿੰਘ ਦਾ ਪਹਿਲਾ ਇਕਾਂਗੀ-ਸੰਗ੍ਰਹਿ 'ਜੀਵਨ-ਲੀਲਾ' ਵੀ 1940 ਵਿੱਚ ਹੀ ਪ੍ਰਕਾਸ਼ਿਤ ਹੋਇਆ ਸੀ। 'ਜੀਵਨ ਲੀਲਾ' ਤੋਂ ਬਾਅਦ ਹਰਚਰਨ ਸਿੰਘ ਹੋਰਾਂ ਦੇ 'ਸਪਤਰਿਸ਼ੀ', 'ਪੰਜ ਗੀਟੜਾ', 'ਪੰਚ ਪ੍ਰਧਾਨ', 'ਮੁੜਕੇ ਦੀ ਖ਼ੁਸ਼ਬੋ' ਤੇ ਚਮਕੌਰ ਦੀ ਗੜ੍ਹੀ' ਆਦਿ ਨਾਂ ਹੇਠ ਇਕਾਂਗੀ-ਸੰਗ੍ਰਹਿ ਪ੍ਰਕਾਸ਼ਿਤ ਹੋਏ। ਹਰਚਰਨ ਸਿੰਘ ਦਾ ਬਤੌਰ ਨਾਟਕਕਾਰ ਚਰਚਾ ਕਰਨ ਸਮੇਂ ਧਿਆਨ, ਆਪ ਮੁਹਾਰੇ—ਈਸ਼ਵਰ ਚੰਦਰ ਨੰਦਾ ਵੱਲ ਮੁੜ ਜਾਂਦਾ ਹੈ। ਕਾਰਨ? ਨੰਦਾ ਨੇ ਜਿਸ ਨਾਟਕ ਪਰੰਪਰਾ ਦਾ ਮੁੱਢ ਬੰਨ੍ਹਿਆ ਉਸ ਦਾ ਵਿਕਾਸ ਹਰਚਰਨ ਸਿੰਘ ਦੇ ਹੱਥੀਂ ਹੋਇਆ। ਹਰਚਰਨ ਸਿੰਘ ਦੇ ਨਾਟਕਾਂ ਦਾ ਖੇਤਰ ਕਾਫੀ ਵਿਸ਼ਾਲ ਰਿਹਾ ਹੈ। ਵਿਅਕਤੀ ਨੂੰ ਵੀ ਫਰੋਲਿਆ ਹੈ ਤੇ ਸਮਾਜ ਨੂੰ ਵੀ। ਸਮਕਾਲੀ ਤੇ ਇਤਿਹਾਸਕ ਦੋਹਾਂ ਖੇਤਰਾਂ ਵਿੱਚੋਂ ਵਿਸ਼ੇ ਲਏ ਹਨ। ਪਿਛੋਕੜ ਵਿੱਚ ਪਿੰਡ ਤੇ ਸ਼ਹਿਰ ਦੋਨੋਂ ਮੌਜੂਦ ਹਨ। ਨਾਟਕਾਂ ਵਿੱਚ ਵੀ ਇਨ੍ਹਾਂ ਦਾ ਪ੍ਰਗਟਾਵਾ ਲਾਜ਼ਮੀ ਸੀ। ਹਰਚਰਨ ਸਿੰਘ ਹੋਰਾਂ ਦੇ ਇਕਾਂਗੀਆਂ (ਤੇ ਪੂਰੇ ਨਾਟਕਾਂ) ਬਾਰੇ ਵਿਸ਼ੇਸ਼ ਗੱਲ ਇਹ ਹੈ ਕਿ ਇਹ ਸਾਰੇ ਖੇਡਣ ਲਈ ਲਿਖੇ ਹੀ ਨਹੀਂ ਗਏ ਬਲਕਿ ਖੇਡੇ ਵੀ ਗਏ ਹਨ। ਕਦੀ ਕਦੀ ਹਰਚਰਨ ਸਿੰਘ, ਸਣੇ ਆਪਣੀ ਧਰਮ ਪਤਨੀ ਦੇ ਆਪਣੇ ਨਾਟਕਾਂ ਵਿੱਚ ਅਭਿਨੈ ਵੀ ਕਰਦੇ ਹਨ। ਕਦੀ ਕਦੀ ਭੁਲੇਖਾ ਜ਼ਰੂਰ ਪੈਂਦਾ ਹੈ ਕਿ ਹਰਚਰਨ ਸਿੰਘ ਹੋਰੀਂ ਵੀ ਮਾਰਕਸਵਾਦੀ ਹਨ। 'ਰੱਤਾ-ਸਾਲੂ' (ਪੂਰਾ ਨਾਟਕ) ਤੋਂ ਤਾਂ ਇਹੀ ਜ਼ਾਹਿਰ ਹੁੰਦਾ ਹੈ, ਪਰ ਹਨ ਨਹੀਂ।

ਬਲਵੰਤ ਗਾਰਗੀ ਨੇ ਵੀ ਇਸੇ ਦੌਰ ਵਿੱਚ ਨਾਟਕ ਲਿਖਣੇ ਸ਼ੁਰੂ ਕੀਤੇ। ਬਲਵੰਤ ਗਾਰਗੀ ਹੀ ਪੰਜਾਬੀ ਇਕਾਂਗੀ ਦੇ ਦੂਜੇ ਦੌਰ ਦਾ ਤੀਜਾ ਅਹਿਮ ਇਕਾਂਗੀ-ਲੇਖਕ ਹੈ। ਗਾਰਗੀ ਹੋਰਾਂ ਦਾ ਪਹਿਲਾ ਇਕਾਂਗੀ-ਸੰਗ੍ਰਹਿ 'ਕੁਆਰੀ ਟੀਸੀ' 1945 ਵਿੱਚ ਛਪਿਆ ਸੀ। ਬਾਅਦ ਵਿੱਚ 1946 ਵਿੱਚ 'ਦੋ ਪਾਸੇ' ਤੇ ਮਗਰੋਂ 'ਪੱਤਣ ਦੀ ਬੇੜੀ' 'ਦਸਵੰਧ' 'ਦੁੱਧ ਦੀਆਂ ਧਾਰਾਂ' ਕ੍ਰਮਵਾਰ ਪ੍ਰਕਾਸ਼ਿਤ ਹੋਏ। ਬਲਵੰਤ ਗਾਰਗੀ ਦੇ ਹੱਥਾਂ ਵਿੱਚ ਆ ਕੇ ਪੰਜਾਬੀ ਨਾਟਕ-ਕਲਾ ਦੀਆਂ ਸਿਖਰਾਂ ਨੂੰ ਛੂੰਹਦਾ ਪ੍ਰਤੀਤ ਹੁੰਦਾ ਹੈ। ਜੋ ਕੁੱਝ ਖ਼ਾਸ ਸਿਫ਼ਤਾਂ ਬਲਵੰਤ ਗਾਰਗੀ ਵਿੱਚ, ਬਤੌਰ ਨਾਟਕਕਾਰ ਹਨ ਉਹ ਸ਼ਾਇਦ ਕਿਸੇ ਵੀ ਪੰਜਾਬੀ ਦੇ ਨਾਟਕਕਾਰ ਵਿੱਚ ਨਹੀਂ। ਪਹਿਲੀ ਗੱਲ, ਬਲਵੰਤ ਗਾਰਗੀ ਦੀ ਨਾਟਕ-ਕਲਾ ਨਾਲ ਵਫ਼ਾ ਹੈ। ਇਹ ਠੀਕ ਹੈ ਕਿ ਉਸ ਨੇ ਰੇਖਾ-ਚਿੱਤਰ ਵੀ ਲਿਖੇ, ਪਰ ਉਸ ਦਾ ਜਮਾਂਦਰੂ ਰਿਸ਼ਤਾ ਨਾਟਕ ਨਾਲ ਹੀ ਹੈ। ਅਜਿਹਾ ਰਿਸ਼ਤਾ ਨੰਦਾ ਤੇ ਹਰਚਰਨ ਸਿੰਘ ਹੋਰਾਂ ਦਾ ਵੀ ਰਿਹਾ ਹੈ। ਪਰ, ਇਨ੍ਹਾਂ ਦਾ ਨਾਟਕ ਦੀ ਤਕਨੀਕ ਬਾਰੇ ਗਿਆਨ ਇੰਨਾ ਡੂੰਘਾ ਤੇ ਵਿਸ਼ਾਲ ਨਹੀਂ ਸੀ ਜਿੰਨਾ ਬਲਵੰਤ ਗਾਰਗੀ ਹੋਰਾਂ ਦਾ ਹੈ। ਨਾਲੇ, ਗਾਰਗੀ ਦਾ ਫਿਲਮਾਂ ਬਣਾਉਣ ਬਾਰੇ ਜਿੰਨਾ ਵੀ ਥੋੜਾ-ਬਹੁਤ ਅਨੁਭਵ ਹੈ ਉਹ ਜ਼ਰੂਰ ਇਨ੍ਹਾਂ ਦੀ ਨਾਟਕ-ਕਲਾ ਨੂੰ ਅਮੀਰ ਹੀ ਬਣਾਉਂਦਾ ਹੈ। ਬਲਵੰਤ ਗਾਰਗੀ ਨੂੰ ਨਾਟਕ-ਕਲਾ ਦੇ ਸ਼ਾਸਤਰ ਬਾਰੇ ਵੀ ਚੋਖਾ ਗਿਆਨ ਹੈ। ਇਹ ਸੂਝ ਉਨ੍ਹਾਂ ਦੀਆਂ ਲਿਖੀਆਂ

ਦੇ ਕਿਰਤਾਂ— ਰੰਗ-ਮੰਚ (1961) ਤੇ ਲੋਕ-ਨਾਟਕ (1966) ਤੋਂ ਸਾਫ਼ ਜ਼ਾਹਿਰ ਹੁੰਦੀ ਹੈ। ਨਾਲੇ ਗਾਰਗੀ ਹੋਰਾਂ ਦਾ ਯੂਨੀਵਰਸਿਟੀ ਆਫ ਵਾਸ਼ਿੰਗਟਨ, ਸੀਆਟਲ (ਅਮਰੀਕਾ) ਵਿੱਚ ਭਾਰਤੀ ਨਾਟਕ ਲਈ ਪ੍ਰੋਫ਼ੈਸਰ ਨਿਯੁਕਤ ਹੋਣਾ ਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਭਾਰਤੀ ਥੀਏਟਰ ਵਿਭਾਗ ਦਾ ਮੁੱਖੀ ਤੇ ਪ੍ਰੋਫ਼ੈਸਰ ਦੇ ਤੌਰ ਉੱਤੇ ਕੰਮ ਕਰਨਾ—ਇਹ ਸਾਰਾ ਕੁੱਝ ਇਸ ਗੱਲ ਦਾ ਪ੍ਰਮਾਣ ਹੈ ਕਿ ਉਹ ਨਾਟਕ ਦੇ ਸ਼ਾਸਤਰੀ ਪਹਿਲੂ ਦੇ ਗਿਆਤਾ ਹੀ ਨਹੀਂ ਨਿਪੁੰਨ ਲੇਖਕ ਅਤੇ ਅਧਿਆਪਕ ਵੀ ਹਨ।

ਜਿਵੇਂ ਕਿ ਅਸੀਂ ਉੱਪਰ ਸੰਕੇਤ ਕਰ ਆਏ ਹਾਂ, ਬਲਵੰਤ ਗਾਰਗੀ ਦੀ ਨਾਟਕ ਦੀ ਤਕਨੀਕ ਦੀ ਸੂਝ ਬੜੀ ਵਿਸ਼ਾਲ ਤੇ ਡੂੰਘੀ ਹੈ। ਕਾਰਨ ? ਉਸ ਦਾ ਵਿਸ਼ਾਲ ਅਧਿਐਨ ਤੇ ਨਿਜੀ ਜੀਵਨ ਵਿੱਚ ਬਤੌਰ ਨਾਟਕ-ਲੇਖਕ ਦੇ ਅਨੁਭਵ, ਨਾਟਕ ਦੀ ਤਕਨੀਕੀ ਸੂਝ ਨੇ ਹੀ ਗਾਰਗੀ ਹੋਰਾਂ ਨੂੰ ਨਾਟਕ ਦੀ ਸ਼ਿਲਪ ਨੂੰ ਸਵਾਰਨ ਤੇ ਨਿਖਾਰਨ ਬਾਰੇ ਸੁਚੇਤ ਕੀਤਾ। ਬਲਵੰਤ ਗਾਰਗੀ ਇਸ ਗੱਲੋਂ ਕਦੀ ਵੀ ਅਵੇਸਲਾ ਨਹੀਂ ਹੋਇਆ ਕਿ ਨਾਟਕ, ਸੰਘਰਸ਼ ਤੋਂ ਬਿਨਾ ਹੋਂਦ ਵਿੱਚ ਨਹੀਂ ਆ ਸਕਦਾ। ਨਾਟਕ ਵਿੱਚ ਪੇਸ਼ ਹਰ ਸਥਿਤੀ ਤੇ ਵਿਅਕਤੀ ਇਸੇ ਸੰਘਰਸ਼ ਸਦਕਾ ਹੀ ਆਪਣਾ ਨਿਵੇਕਲਾ ਰੂਪ ਧਾਰਨ ਕਰਦਾ ਹੈ। ਵਿਅਕਤੀ ਦਾ ਆਪਣੇ ਅੰਦਰ ਵੀ ਸੰਘਰਸ਼ ਹੋ ਰਿਹਾ ਹੈ ਤੇ ਬਾਹਰਲੇ ਚੌਗਿਰਦੇ ਵਿੱਚ ਵੀ। ਦੋਵੇਂ ਕਿਸਮ ਦੇ ਸੰਘਰਸ਼ ਗਾਰਗੀ ਦੇ ਨਾਟਕਾਂ ਦਾ ਵਿਸ਼ਾ ਬਣਦੇ ਹਨ। ਇਹੀ ਸੰਘਰਸ਼ ਸਫ਼ਲ ਨਾਟਕੀ ਸੰਵਾਦਾਂ ਰਾਹੀਂ ਉਘੜਦਾ ਹੈ।

ਗਾਰਗੀ ਹੋਰਾਂ ਦਾ ਨਾਟਕਾਂ ਦਾ ਇੱਕ ਵਿਸ਼ੇਸ਼ ਪੱਖ ਮਰਦ ਤੇ ਤੀਵੀਂ ਵਿਚਕਾਰ ਆਦਿ ਸਮਿਆਂ ਤੋਂ ਕਾਇਮ ਤੇ ਵਿਆਪਕ ਆਪਸੀ ਖਿੱਚ ਦਾ ਵਿਸ਼ਾ ਹੈ। ਕਦੀ ਕਦੀ ਇਹ ਖਿੱਚ ਉਧਾਲੇ ਦਾ ਰੂਪ ਵੀ ਧਾਰਨ ਕਰਦੀ ਹੈ। ਜਿਵੇਂ, 'ਲੋਹਾ ਕੁੱਟ' ਨਾਟਕ ਵਿੱਚ। ਇਸੇ ਜਿਨਸੀ ਭੁੱਖ ਨੂੰ ਗਾਰਗੀ ਨੇ ਆਰਥਿਕ ਭੁੱਖ ਦੀ ਤੁਲਨਾ ਵਿੱਚ ਵੀ 'ਦੋ ਜਾਵੀਏ' ਨਾਂ ਦੇ ਇਕਾਂਗੀ ਵਿੱਚ ਪੇਸ਼ ਕੀਤਾ ਹੈ। ਸਮਾਜਵਾਦੀ ਲਹਿਰ ਦਾ ਪ੍ਰਭਾਵ ਵੀ ਇਕਾਂਗੀਆਂ ਉੱਪਰ ਪਿਆ ਹੈ। 'ਗਿਰਝਾਂ' ਇਕਾਂਗੀ ਵਿੱਚ ਪੂੰਜੀਪਤੀਆਂ ਨੂੰ ਗਿਰਝਾਂ ਕਹਿ ਕੇ ਨਿੰਦਿਆ ਹੈ। 'ਮੋਘਾ' ਇਕਾਂਗੀ ਦਾ ਧੁਰਾ ਹੱਕ ਲਈ ਲੜਨਾ ਹੈ। ਅਮਨ ਲਹਿਰ (ਬੰਬ ਕੇਸ) ਤੇ ਦੇਸ-ਪਿਆਰ (ਮਿੰਗ ਚਿੰਨ) ਵਾਲੇ ਵਿਸ਼ੇ ਵੀ ਗਾਰਗੀ ਨੇ ਪੇਸ਼ ਕੀਤੇ ਹਨ

ਦੂਜੇ ਹੀ ਦੌਰ ਦੇ ਦੋ ਹੋਰ ਵਰਣਨਯੋਗ ਨਾਟਕਕਾਰ ਹਨ: ਗੁਰਦਿਆਲ ਸਿੰਘ ਖੋਸਲਾ ਤੇ ਕਰਤਾਰ ਸਿੰਘ ਦੁੱਗਲ। ਇਨ੍ਹਾਂ ਦੋਹਾਂ ਨੇ ਦੇਸ਼-ਵੰਡ ਤੋਂ, ਚੂੰਕਿ, ਪਹਿਲਾਂ ਹੀ ਲਿਖਣਾ ਸ਼ੁਰੂ ਕਰ ਦਿੱਤਾ ਸੀ ਇਸ ਲਈ ਇਸ ਦੂਜੇ ਦੌਰ ਵਿੱਚ ਹੀ ਇਨ੍ਹਾਂ ਦਾ ਜ਼ਿਕਰ ਕਰਨਾ ਬਣਦਾ ਹੈ। ਲਾਹੌਰ ਵਿੱਚ ਕਾਇਮ ਲਿਟਲ ਥੀਏਟਰ ਗਰੁਪ ਨਾਂ ਦੀ ਇੱਕ ਜਥੇਬੰਦੀ ਸੀ। ਖੋਸਲਾ ਸਾਹਿਬ ਦੀ ਸਾਰੀ ਨਾਟਕੀ ਯਾਤਰਾ ਇਸ ਜਥੇਬੰਦੀ ਸਦਕਾ ਆਰੰਭ ਹੋਈ ਤੇ ਵਿਕਸਿਤ ਹੁੰਦੀ ਰਹੀ। ਦਿੱਲੀ ਆ ਕੇ 'ਪੰਜਾਬੀ ਥੀਏਟਰ' ਦੀ ਸਥਾਪਨਾ ਇਸੇ ਸ਼ੌਕ ਦਾ ਹੀ ਇੱਕ ਪੜਾ ਸੀ। ਇਸ ਤੋਂ ਅਲਾਵਾ ਖੋਸਲਾ ਸਾਹਿਬ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਦੋ ਸਾਲ ਲਈ ਭਾਸ਼ਣ ਤੇ ਨਾਟਕ ਵਿਭਾਗ ਦੇ ਸਲਾਹਕਾਰ ਵੀ ਰਹੇ। ਗੋਇਆ, ਖੋਸਲਾ ਸਾਹਿਬ ਨੇ ਨਾਟਕ ਲਿਖੇ ਹੀ ਨਹੀਂ; ਇਨ੍ਹਾਂ ਨੂੰ ਖੇਡਣ ਸੰਬੰਧੀ ਵੀ ਪੂਰਾ ਪੂਰਾ ਧਿਆਨ ਦਿੱਤਾ, ਅਧਿਐਨ ਵੀ ਕੀਤਾ ਹੈ ਤੇ ਅਧਿਆਪਨ ਵੀ।

ਖੋਸਲਾ ਸਾਹਿਬ ਦੇ ਦੋ ਇਕਾਂਗੀ-ਸੰਗ੍ਰਹਿ 'ਬੇ ਘਰੇ' ਤੇ 'ਸਤਾਰਵਾਂ ਪਤੀ' ਪ੍ਰਕਾਸ਼ਿਤ ਹੋ ਚੁੱਕੇ ਹਨ। ਇਨ੍ਹਾਂ ਦਾ ਫੋਕਸ ਸ਼ਹਿਰੀ ਜੀਵਨ ਹੀ ਰਿਹਾ ਹੈ। ਸ਼ਹਿਰੀ ਜੀਵਨ ਵਿੱਚ ਜੋ ਗੁੰਝਲਾਂ ਹਨ ਉਨ੍ਹਾਂ ਰਾਹੀਂ ਮੱਧ-ਸ਼੍ਰੇਣੀ ਦਾ ਕਿਹੋ ਜਿਹਾ ਚਰਿੱਤਰ ਉਘੜਦਾ ਹੈ, ਇਹ ਦੇਖਣਾ ਹੋਵੇ ਤਾਂ ਖੋਸਲਾ ਸਾਹਿਬ ਦੇ ਇਕਾਂਗੀ ਪੜ੍ਹਨੇ (ਜਾਂ ਵੇਖਣੇ) ਚਾਹੀਦੇ ਹਨ। ਜ਼ਾਹਿਰ ਹੈ ਕਿ ਇਸ ਪ੍ਰਕਾਰ ਦੇ ਜੀਵਨ-ਚਿੱਤਰ ਨੂੰ ਪੇਸ਼ ਕਰਨ ਲਈ ਵਿਅੰਗ ਹੀ ਕੰਮ ਦੇ ਸਕਦਾ ਹੈ। ਅਤੇ ਖੋਸਲਾ ਸਾਹਿਬ ਨੇ ਇਸ ਵਿਧੀ ਨੂੰ ਬੜੇ ਸਫ਼ਲ ਤਰੀਕੇ ਨਾਲ ਆਪਣੇ ਇਕਾਂਗੀਆਂ ਵਿੱਚ ਵਰਤਿਆ ਹੈ।

ਕਰਤਾਰ ਸਿੰਘ ਦੁੱਗਲ ਪ੍ਰਮੁੱਖ ਤੌਰ ਉੱਤੇ ਤਾਂ ਕਹਾਣੀਕਾਰ ਹੀ ਹੈ, ਬੇਸ਼ਕ ਦੁੱਗਲ ਹੋਰਾਂ ਨਾਵਲ ਵੀ ਲਿਖੇ ਤੇ ਇਕਾਂਗੀ ਵੀ। ਦੁੱਗਲ ਹੋਰਾਂ ਦਾ ਪਹਿਲਾ ਇਕਾਂਗੀ-ਸੰਗ੍ਰਹਿ 'ਇੱਕ ਸਿਫ਼ਰ ਸਿਫ਼ਰ' 1941 ਵਿੱਚ ਤੇ ਦੂਜਾ 'ਤਿੰਨ ਨਾਟਕ' 1951 ਤੋਂ ਮਗਰੋਂ 'ਸਤ ਨਾਟਕ' ਦਾ ਇੱਕ ਸੰਗ੍ਰਹਿ ਪ੍ਰਕਾਸ਼ਿਤ ਹੋਇਆ। ਦੁੱਗਲ ਹੋਰਾਂ ਦੇ ਇਕਾਂਗੀਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਮੂਲ ਰੂਪ ਵਿੱਚ ਰੇਡੀਓ ਦੀ ਲੋੜ ਨੂੰ ਮੁੱਖ ਰੱਖ ਕੇ ਲਿਖੇ ਗਏ। ਇਨ੍ਹਾਂ ਨੂੰ ਰੇਡੀਓ ਇਕਾਂਗੀ ਕਹਿਣਾ ਵਧੇਰੇ ਉੱਚਿਤ ਹੋਵੇਗਾ।

**ਏ) ਤੀਜਾ ਦੌਰ** : ਪੰਜਾਬੀ ਇਕਾਂਗੀ ਦਾ ਤੀਜਾ ਦੌਰ ਦੇਸ਼ ਦੀ ਵੰਡ ਮਗਰੋਂ ਸ਼ੁਰੂ ਹੋਇਆ। ਇਸ ਦੌਰ ਵਿੱਚ ਪਹਿਲੇ (ਜਾਂ ਮੁੱਢਲੇ) ਦੌਰ ਤੇ ਦੂਜੇ ਦੌਰ ਦੇ ਨਾਟਕਕਾਰ ਵੀ ਨੇਮ ਨਾਲ ਨਾਟਕ ਦੀ ਸਾਧਨਾ ਵਿੱਚ ਰੁੱਝੇ ਰਹੇ। ਪਰ, ਨਾਲ ਹੀ ਕੁੱਝ ਨਵੇਂ ਨਾਟਕਕਾਰ ਵੀ ਸਾਮ੍ਹਣੇ ਆਏ। ਅਮਰੀਕ ਸਿੰਘ, ਗੁਰਚਰਨ ਸਿੰਘ ਜਸੂਜਾ ਤੇ ਕਪੂਰ ਸਿੰਘ ਘੁੰਮਣ ਇਹ ਤਿੰਨ ਨਾਟਕਕਾਰ ਇਸ ਤੀਜੇ ਦੌਰ ਦੀ ਵਿਸ਼ੇਸ਼ ਪ੍ਰਾਪਤੀ ਹਨ।

ਅਮਰੀਕ ਸਿੰਘ ਨੇ ਬੀ.ਐਮ.ਕਾਲਜ, ਸ਼ਿਮਲਾ ਵਿੱਚ ਅਧਿਆਪਨ ਦੇ ਦੌਰ ਨਾਟਕ ਲਿਖਣ ਵਲ ਰੁਖ ਕੀਤਾ। ਇਹ ਸਮਾਂ ਛੇਵੇਂ ਦਹਾਕੇ ਦੇ ਅਰੰਭ ਦਾ ਹੈ। ਅਮਰੀਕ ਸਿੰਘ ਨੇ ਕਾਲਜ ਵਿੱਚ ਇੱਕ ਡਰਾਮੈਟਿਕ ਸੋਸਾਇਟੀ ਦੀ ਵੀ ਸਥਾਪਨਾ ਕੀਤੀ। ਇਸ ਸੋਸਾਇਟੀ ਤੇ ਲਿਟਲ ਥੀਏਟਰ ਗਰੁੱਪ ਦੇ ਸਹਿਯੋਗ ਨਾਲ ਇਨ੍ਹਾਂ ਨੇ ਪੱਛਮ ਦੇ ਕੁੱਝ ਇਕਾਂਗੀ ਨਾਟਕਾਂ ਨੂੰ ਪੰਜਾਬੀ ਰੰਗ ਵਿੱਚ ਪੇਸ਼ ਕਰਨ ਦੇ ਕੁੱਝ ਸਫ਼ਲ ਜਤਨ ਕੀਤੇ। ਇਹੀ ਜਤਨ ਮੌਲਿਕ ਨਾਟਕ ਲਿਖਣ ਵਿੱਚ ਪ੍ਰੇਰਿਕ ਬਣੇ। ਅਮਰੀਕ ਸਿੰਘ ਦੇ ਨਿਜੀ ਸੁਭਾ ਦਾ ਉਸ ਦੇ ਇਕਾਂਗੀਆਂ ਉੱਤੇ ਵੀ ਪ੍ਰਭਾਵ ਪਿਆ ਪ੍ਰਤੀਤ ਹੁੰਦਾ ਹੈ। ਅਮਰੀਕ ਸਿੰਘ ਹੋਰੀਂ ਬਹੁਤ ਹੌਲੀ-ਹੌਲੀ ਗੱਲ ਕਰਦੇ ਹਨ। ਨਾਲੇ, ਬਹੁਤ ਥੋੜਾ ਬੋਲਦੇ ਹਨ। ਸ਼ਾਇਦ ਇਸੇ ਲਈ ਉਨ੍ਹਾਂ ਦੇ ਨਾਟਕਾਂ ਵਿੱਚ ਅਕਸਰ ਹੱਲਾ-ਗੁੱਲਾ ਸ਼ੋਰ-ਸ਼ਰਾਬਾ ਦੇਖਣ ਨੂੰ ਨਹੀਂ ਮਿਲਦਾ। ਸਾਧਾਰਨ ਘਟਨਾਵਾਂ ਹੀ ਨਾਟਕੀ ਰੂਪ ਵਿੱਚ ਇਨ੍ਹਾਂ ਦੇ ਨਾਟਕ ਜਗਤ ਵਿੱਚ ਪ੍ਰਵੇਸ਼ ਕਰਦੀਆਂ ਹਨ। ਅਮਰੀਕ ਸਿੰਘ ਹੋਰਾਂ ਦੇ 'ਜੀਵਨ-ਝਲਕਾਂ' ਤੇ 'ਆਸਾਂ ਦੇ ਅੰਬਾਰ' ਇਹ ਦੋ ਇਕਾਂਗੀ-ਸੰਗ੍ਰਹਿ ਹੀ ਪ੍ਰਕਾਸ਼ਤ ਹੋਏ ਹਨ।

ਤੀਜੇ ਦੌਰ ਦਾ ਦੂਜਾ ਵਰਣਨਯੋਗ ਨਾਟਕਕਾਰ ਹੈ—ਗੁਰਚਰਨ ਸਿੰਘ ਜਾਸੂਜਾ। ਜਸੂਜਾ ਹੋਰਾਂ ਦਾ 'ਗਊ-ਮੁੱਖਾ ਸ਼ੇਰ ਮੁੱਖਾ', 'ਚਾਰ ਦੀਵਾਰੀ' ਤੇ 'ਪਛਤਾਵਾ'—ਇਹ ਤਿੰਨ ਇਕਾਂਗੀ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਜਸੂਜਾ ਸਾਹਿਬ ਨੇ ਬਹੁਤਾ ਸਮਾਂ ਦਿੱਲੀ ਸ਼ਹਿਰ ਵਿੱਚ ਗੁਜ਼ਾਰਿਆ ਹੈ ਤੇ ਇਨ੍ਹਾਂ ਦਾ ਵਾਹ ਵੀ ਮੱਧ-ਸ਼੍ਰੇਣੀ ਦੇ ਲੋਕਾਂ ਨਾਲ ਹੀ ਪਿਆ ਹੈ। ਇਸੇ ਮੱਧ-ਸ਼੍ਰੇਣੀ ਦੀਆਂ ਸਮੱਸਿਆਵਾਂ ਹੀ ਇਨ੍ਹਾਂ ਦੇ ਨਾਟਕਾਂ ਵਿੱਚ ਪੇਸ਼ ਹੋਈਆਂ ਹਨ। ਵਿਸ਼ਿਆਂ ਦੇ ਨਿਭਾ ਸਮੇਂ ਇਨ੍ਹਾਂ ਦਾ ਸੁਰ ਇਨਕਲਾਬੀ, ਸ਼ਾਇਦ ਇਸ ਲਈ ਨਹੀਂ ਕਿ ਉਨ੍ਹਾਂ ਉੱਤੇ ਮਾਰਕਸਵਾਦ ਦਾ ਰੱਤਾ ਵੀ ਪ੍ਰਭਾਵ ਨਹੀਂ ਪਿਆ। ਹਾਲਾਂਕਿ, ਆਧੁਨਿਕ ਦੌਰ ਵਿੱਚ ਮਾਰਕਸਵਾਦ ਹੀ ਇੱਕ ਅਜਿਹੀ ਵਿਚਾਰਧਾਰਾ ਸੀ ਜਿਸ ਨੇ ਸਮੁੱਚੇ ਪੰਜਾਬੀ ਸਾਹਿੱਤ ਨੂੰ ਪ੍ਰਭਾਵਿਤ ਕੀਤਾ ਹੈ ਤੇ ਜਿਸ ਦੀ ਛਾਪ ਅੱਜ ਤੱਕ ਮੌਜੂਦ ਹੈ। ਮਾਰਕਸਵਾਦੀ ਵਿਚਾਰਧਾਰਾ ਇਨਕਲਾਬ ਚਾਹੁੰਦੀ ਹੈ—ਇਨਕਲਾਬ ਸਮੁੱਚੇ ਸਮਾਜ ਵਿੱਚ, ਜੋ ਮਨੁੱਖੀ ਰਿਸ਼ਤਿਆਂ ਤੇ ਸੰਸਥਾਵਾਂ ਦੁਆਰਾ ਸਿਰਜਿਆ ਹੁੰਦਾ ਹੈ। ਸਮਾਜ, ਉਦੋਂ ਹੀ ਇਨਕਲਾਬ ਦੀ ਸਿਖਰ ਨੂੰ ਛੂਹੇਗਾ ਜਦੋਂ ਮਨੁੱਖੀ ਰਿਸ਼ਤੇ ਤੇ ਸੰਸਥਾਵਾਂ ਕਾਣੀ-ਵੰਡ ਨੂੰ ਪਿੱਠ ਦੇ ਕੇ ਸਾਵੀਂ-ਵੰਡ ਦੇ ਆਦਰਸ਼ ਨੂੰ ਅਮਲੀ ਰੂਪ ਦੇ ਸਕਣਗੀਆਂ। ਜਦੋਂ ਅਸੀਂ ਜਸੂਜਾ ਸਾਹਿਬ ਬਾਰੇ ਇਹ ਵਿਚਾਰ ਪੇਸ਼ ਕਰਦੇ ਹਾਂ ਕਿ ਉਨ੍ਹਾਂ ਦਾ ਸੁਰ ਇਨਕਲਾਬੀ ਨਹੀਂ ਤਾਂ ਜਾਹਿਰ ਹੈ ਕਿ ਉਹ ਕਿਸੇ ਮਾਰਕਸਵਾਦੀ ਵਾਂਗ ਸਮਾਜ ਵਿੱਚ ਇਨਕਲਾਬ ਲਿਆਉਣ ਦੇ ਧਾਰਨੀ ਨਹੀਂ ਹਨ। ਜਸੂਜਾ ਹੋਰਾਂ ਮਨੁੱਖੀ ਰਿਸ਼ਤਿਆਂ ਉੱਪਰ ਮਹਿਜ਼ ਚੋਟਾਂ ਕਰਕੇ ਹੀ ਸੰਤੋਖ ਕੀਤਾ ਹੈ। ਚੋਟ ਦੀ ਵਰਤੋਂ ਨਾਲ ਉਹ ਨਾਟਕਾਂ ਦੀ ਉਸਾਰੀ ਤੇ ਦਰਸ਼ਕਾਂ ਨੂੰ ਪ੍ਰਭਾਵਿਤ ਕਰਨ ਵਿੱਚ ਸਫਲ ਹੋਏ ਹਨ।

ਕਪੂਰ ਸਿੰਘ ਘੁੰਮਣ ਦੀ ਵਫ਼ਾ ਵੀ ਕੇਵਲ ਨਾਟਕ ਪ੍ਰਤੀ ਹੀ ਰਹੀ ਹੈ। ਘੁੰਮਣ ਸਾਹਿਬ ਨੂੰ ਨਾਟਕ ਲਿਖਣ ਤੇ ਖੇਡਣ ਦੇ ਨਾਲ-ਨਾਲ ਨਾਟਕ ਦੇਖਣ ਦਾ ਬਹੁਤ ਸ਼ੌਕ ਸੀ। ਉਨ੍ਹਾਂ ਦਾ ਖਿਆਲ ਸੀ ਕਿ ਨਾਟਕਕਾਰ ਨੂੰ ਨਾਟਕ ਦੇਖਣੇ ਵੀ ਚਾਹੀਦੇ ਹਨ। ਇਸ ਨਾਲ ਉਹ ਆਪਣੇ ਨਾਟਕਾਂ ਵਿੱਚ ਕਲਾ ਦੇ ਪੱਖੋਂ ਕਾਫ਼ੀ ਲਾਭ ਉਠਾ ਸਕਦੇ ਹਨ। ਘੁੰਮਣ ਦੇ ਨਾਟਕਾਂ ਦੀ ਵੀ ਇਹੀ ਸਿਫਤ ਹੈ ਕਿ ਉਹ ਹਰਚਰਨ ਸਿੰਘ ਦੇ ਨਾਟਕਾਂ ਵਾਂਗ ਹੀ ਸਕੂਲ ਤੇ ਕਾਲਜਾਂ ਦੇ ਸਟੇਜਾਂ ਤੇ ਕਾਫੀ ਸਫ਼ਲਤਾ ਨਾਲ ਖੇਡੇ ਗਏ। 'ਜ਼ੈਲਦਾਰ', 'ਰੱਬ ਦੇ ਰੰਗ', 'ਕਵੀ ਤੇ ਕਵਿਤਾ', 'ਦੋ ਜੋਤਾਂ ਦੋ ਮੂਰਤਾਂ', 'ਭੁੰਗਲ ਮਾਟਾ' ਤੇ 'ਕੱਚ ਦੇ ਗਜਰੇ' ਆਦਿ ਘੁੰਮਣ ਸਾਹਿਬ ਦੇ ਇਹ ਇਕਾਂਗੀ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ। ਇਨ੍ਹਾਂ ਇਕਾਂਗੀਆਂ ਵਿੱਚ ਅਨੇਕਾਂ ਵਿਸ਼ਿਆਂ ਨੂੰ ਪੇਸ਼ ਕਰਨ ਦੇ ਜਤਨ ਹੋਏ ਹਨ। ਪਰ, ਕਲਾਕਾਰ ਦੀ ਆਤਮਾ, ਘੁੰਮਣ ਸਾਹਿਬ ਦੀ ਸਮੁੱਚੀ ਨਾਟਕ-ਰਚਨਾ ਦਾ ਕੇਂਦਰੀ ਵਿਸ਼ਾ ਰਿਹਾ ਹੈ।

ਗੁਰਸ਼ਰਨ ਸਿੰਘ, ਹਰਸਰਨ ਸਿੰਘ, ਅਜਮੇਰ ਸਿੰਘ ਔਲਖ, ਆਤਮਜੀਤ, ਚਰਨਦਾਸ ਸਿੱਧੂ ਮੌਜੂਦਾ ਦੌਰ ਦੇ ਕੁੱਝ ਸਫ਼ਲ ਨਾਟਕਕਾਰ ਹਨ।

## 18.4 ਨਾਟਕਕਾਰ ਈਸ਼ਵਰ ਚੰਦਰ ਨੰਦਾ

ਈਸ਼ਵਰ ਚੰਦਰ ਨੰਦਾ ਦਾ ਜਨਮ 30 ਸਤੰਬਰ ਸੰਨ 1882 ਵਿੱਚ ਪਿੰਡ ਗਾਂਧੀਆਂ ਪੁਨਿਆੜ, ਜ਼ਿਲ੍ਹਾ ਗੁਰਦਾਸਪੁਰ ਵਿੱਚ ਹੋਇਆ। ਨੰਦਾ ਸਾਹਿਬ ਨੇ ਬੀ. ਏ. ਔਕਸਫੋਰਡ ਯੂਨੀਵਰਸਿਟੀ ਤੋਂ ਪਾਸ ਕੀਤੀ। ਮਗਰੋਂ, ਅੰਗਰੇਜ਼ੀ ਸਾਹਿੱਤ ਦੀ ਐਮ. ਏ. ਡਿਗਰੀ ਲਈ ਦਿਆਲ ਸਿੰਘ ਕਾਲਜ ਲਾਹੌਰ ਤੇ ਐਫ.ਸੀ. ਕਾਲਜ ਲਾਹੌਰ ਵਿੱਚ ਤਾਲੀਮ ਹਾਸਿਲ ਕੀਤੀ। ਪੰਜਾਬ ਸਿੱਖਿਆ ਵਿਭਾਗ ਦੀ ਸੇਵਾ ਕੀਤੀ ਤੇ ਇੱਥੇ ਹੀ 1956 ਵਿੱਚ ਰਿਟਾਇਰ ਹੋਏ। ਲਗ-ਪਗ 62 ਵਰ੍ਹੇ ਦੀ ਪੱਕੀ ਉਮਰ ਵਿੱਚ ਸੰਨ 1966 ਵਿੱਚ ਇਨ੍ਹਾਂ ਦਾ ਦਿੱਲੀ ਵਿੱਚ ਦੇਹਾਂਤ ਹੋਇਆ।

ਪੰਜਾਬੀ ਇਕਾਂਗੀ ਨਾਲ ਜਾਣਕਾਰੀ ਕਰਵਾਉਣ ਦੇ ਦੌਰਾਨ ਮੁਢਲੇ ਦੌਰ ਦਾ ਜ਼ਿਕਰ ਕਰਦਿਆਂ ਇਸ ਗੱਲ ਬਾਰੇ ਵਿਸ਼ੇਸ਼ ਧਿਆਨ ਦਿੱਤਾ ਗਿਆ ਸੀ ਕਿ ਕਿਵੇਂ ਨੰਦਾ ਸਾਹਿਬ ਨੇ ਮਿਸਿਜ਼ ਨੌਰਾ ਰਿਚਰਡਜ਼ ਦੀ ਸਰਪ੍ਰਸਤੀ ਹੇਠ ਨਾਟਕ ਲਿਖਣ ਤੇ ਖੇਡਣ ਦੀ ਸਿੱਖਿਆ ਹਾਸਿਲ ਕੀਤੀ ਤੇ ਪੰਜਾਬੀ ਨਾਟਕ ਦੀ ਪਰੰਪਰਾ ਦੇ ਮੋਢੀ ਦੇ ਤੌਰ ਉੱਤੇ ਸਥਾਪਿਤ ਹੋਏ। ਨੰਦਾ ਸਾਹਿਬ ਨੇ ਇਕਾਂਗੀਆਂ ਤੋਂ ਅਲਾਵਾ ਪੂਰੇ ਨਾਟਕ ਵੀ ਲਿਖੇ। ਇਨ੍ਹਾਂ ਦਾ ਪਹਿਲਾ ਪੂਰਾ ਨਾਟਕ 'ਸੁਭੱਦਰਾ' ਸੰਨ 1920 ਵਿੱਚ ਪ੍ਰਕਾਸ਼ਿਤ ਹੋਇਆ ਸੀ। ਬਾਅਦ ਵਿੱਚ 'ਵਰ-ਘਰ' (1928) ਤੇ 'ਸੋਸ਼ਲ ਸਰਕਲ' (1954)—ਇਹਦੇ ਪੂਰੇ ਨਾਟਕ ਪ੍ਰਕਾਸ਼ਿਤ ਹੋਏ। ਨੰਦਾ ਸਾਹਿਬ ਨੇ ਸ਼ੇਕਸਪੀਅਰ ਦੇ ਨਾਟਕ 'ਮਰਚੈਂਟ ਆਫ ਵੈਨਿਸ' ਉੱਪਰ ਆਧਾਰਿਤ 'ਸ਼ਾਮੂ-ਸ਼ਾਹ' ਨਾਂ ਦਾ ਨਾਟਕ 1928 ਵਿੱਚ ਪ੍ਰਕਾਸ਼ਿਤ ਕੀਤਾ। ਇਸ ਪਾਠ ਵਿੱਚ ਨੰਦਾ ਸਾਹਿਬ ਦੀ ਜਾਣ-ਪਛਾਣ ਬਤੌਰ ਨਾਟਕਕਾਰ ਹੀ ਕੀਤੀ ਜਾਣੀ ਹੈ ਫੇਰ ਵੀ, ਇਸ ਤੱਥ ਵੱਲ ਸੰਕੇਤ ਕਰਨ ਵਿੱਚ ਕੋਈ ਹਰਜ ਨਹੀਂ ਕਿ ਨੰਦਾ ਸਾਹਿਬ ਨੇ 'ਮੁਰਾਦ' ਤੇ 'ਤੇਜ ਕੌਰ' ਨਾਂ ਦੇ ਦੋ ਨਾਵਲ ਵੀ ਲਿਖੇ ਤੇ ਪ੍ਰਕਾਸ਼ਿਤ ਕੀਤੇ ਸਨ।

ਨੰਦਾ ਸਾਹਿਬ ਦੇ ਕੇਵਲ ਤਿੰਨ ਇਕਾਂਗੀ-ਸੰਗ੍ਰਹਿ ਹੀ ਪ੍ਰਕਾਸ਼ਨ ਵਿੱਚ ਆਏ ਹਨ, ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ: 'ਝਲਕਾਰੇ', 'ਲਿਸ਼ਕਾਰੇ', ਤੇ 'ਚਮਕਾਰ'। 'ਝਲਕਾਰੇ' ਵਿੱਚ ਸ਼ਾਮਲ ਇਕਾਂਗੀ 'ਬੇਬੇ ਰਾਮਭਜਨੀ' ਨੰਦਾ ਸਾਹਿਬ ਦਾ ਅਤੀ ਲੋਕਪ੍ਰਿਯ ਮੰਨਿਆਂ ਗਿਆ ਹੈ। 'ਬੇਈਮਾਨ' ਇਕਾਂਗੀ ਵੀ ਇਸੇ ਇਕਾਂਗੀ-ਸੰਗ੍ਰਹਿ ਵਿੱਚੋਂ ਲਿਆ ਗਿਆ ਹੈ। ਕਾਰਨ ? ਸਮਕਾਲੀ ਜੀਵਨ-ਪ੍ਰਸੰਗ ਵਿੱਚ ਇਸ ਵਿਸ਼ੇ ਦੀ ਸਾਰਥਕਤਾ ਹੈ। ਨੰਦਾ ਦੇ ਨਾਟਕਾਂ ਤੇ ਇਕਾਂਗੀਆਂ ਵਿੱਚ ਸਮਕਾਲੀ ਪੰਜਾਬੀ ਜੀਵਨ ਹੀ ਪੇਸ਼ ਹੋਇਆ ਹੈ। ਇਹ ਜੀਵਨ-ਦ੍ਰਿਸ਼ ਬੜਾ ਵਿਸ਼ਾਲ ਤੇ ਬਹੁਰੰਗਾ ਹੈ। ਸਮਾਜ ਵਿੱਚ ਕੁਰੀਤੀਆਂ ਵੀ ਹਨ ਤੇ ਵਹਿਮ-ਭਰਮ ਵੀ। ਲੋਕੀ ਗਰੀਬ ਹਨ। ਆਪਣੀ ਗੁਜ਼ਰ ਲਈ ਕਰਜ਼ ਲੈਂਦੇ ਹਨ। ਕਰਜ਼ਾ ਦੇਣ ਵਾਲੇ ਸ਼ਾਹੂਕਾਰ ਹਨ ਜਿਹੜੇ ਪੈਸਾ ਸੂਦ ਉੱਤੇ ਦੇਂਦੇ ਹਨ। ਗਰੀਬ ਇਸੀ ਕਰਜ਼ ਤੇ ਸੂਦ ਦੇ ਭਾਰ ਹੇਠ ਹੀ ਦੱਬਿਆ ਰਹਿੰਦਾ ਹੈ। ਇਹ ਸਾਰਾ ਕੁੱਝ ਨੰਦਾ ਹੋਰਾਂ ਨੇ ਆਪਣੇ ਇਕਾਂਗੀਆਂ ਵਿੱਚ ਪੇਸ਼ ਕੀਤਾ ਹੈ। ਲੋਕ-ਧਰਮ ਵਿੱਚ ਵਿਸ਼ਵਾਸ

ਰੱਖਦੇ ਹਨ। ਪਾਖੰਡੀ ਸਾਧੂਆਂ ਦੀ ਲੋੜ ਵੀ ਇਸੇ ਅੰਧ-ਵਿਸ਼ਵਾਸ਼ ਵਿੱਚੋਂ ਹੀ ਪੈਦਾ ਹੁੰਦੀ ਹੈ। ਬਾਲ-ਵਿਆਹ ਦੀ ਪ੍ਰਥਾ ਵੀ ਕਾਇਮ ਹੈ ਤੇ ਵਿਧਵਾ-ਵਿਆਹ ਉੱਪਰ ਪਾਬੰਦੀ ਵੀ। ਇਹ ਉਸ ਪ੍ਰਕਾਰ ਦੇ ਸਮਾਜ ਦੀ ਤਸਵੀਰ ਹੈ ਜਿਹੜੀ ਅਜੇ ਵਿਦੇਸ਼ੀ ਹਾਕਮਾਂ ਦੀ ਸੰਸਕ੍ਰਿਤੀ ਤੋਂ ਅਭਿੱਜ ਹੈ। ਵਿਦੇਸ਼ੀ ਹਾਕਮਾਂ ਨੇ ਕਿਵੇਂ ਪ੍ਰਭਾਵਿਤ ਕੀਤਾ, ਇਸ ਦਾ ਵਰਣਨ 'ਸੋਸ਼ਲ ਸਰਕਲ' ਵਿੱਚ ਪੇਸ਼ ਹੋਇਆ ਹੈ। ਇਸੇ ਪ੍ਰਭਾਵ ਨੇ ਘਰੇਲੂ ਰਿਸ਼ਤਿਆਂ ਨੂੰ ਕਿਵੇਂ ਪ੍ਰਭਾਵਿਤ ਕੀਤਾ, ਇਸ ਦਾ ਪ੍ਰਗਟਾਵਾ 'ਵਰ-ਘਰ' ਵਿੱਚ ਬਹੁਤ ਖੂਬਸੂਰਤ ਢੰਗ ਨਾਲ ਹੋਇਆ ਹੈ। ਨੰਦਾ ਦੇ ਨਾਟਕਾਂ ਵਿੱਚ ਪੁਰਾਣਾ ਪੰਜਾਬੀ ਸਮਾਜ ਤੇ ਬਦਲ ਰਿਹਾ ਸਮਾਜ—ਇਹ ਦੋਵੇਂ ਹੀ ਪੇਸ਼ ਹੋਏ ਹਨ।

ਨੰਦਾ ਸਾਹਿਬ ਦੀ ਨਾਟਕ-ਕਲਾ ਦਾ ਵਿਸ਼ੇਸ਼ ਉੱਘੜਵਾਂ ਪੱਖ ਉਨ੍ਹਾਂ ਦੀ ਪਾਤਰ-ਉਸਾਰੀ ਹੈ। ਇਨ੍ਹਾਂ ਨੇ ਹਮੇਸ਼ਾ ਪ੍ਰਤੀਨਿਧ ਪਾਤਰ ਹੀ ਪੇਸ਼ ਕੀਤੇ ਹਨ। ਪ੍ਰਤੀਨਿਧ ਤੋਂ ਮਤਲਬ ਹੈ ਕਿ ਅਜਿਹਾ ਪਾਤਰ ਜੋ ਕਿਸੇ ਬਿਰਤੀ ਜਾਂ ਵਿਚਾਰਧਾਰਾ ਨੂੰ ਪੇਸ਼ ਕਰਦਾ ਹੋਵੇ। ਜਿਵੇਂ ਕਿ 'ਸੁਭੱਦਰਾ' ਵਿੱਚ। ਇਸ ਨਾਟਕ ਵਿੱਚ 'ਸੁਭੱਦਰਾ' ਉਨ੍ਹਾਂ ਵਿਧਵਾਵਾਂ ਦੀ ਪ੍ਰਤੀਨਿਧਤਾ ਕਰਦੀ ਹੈ ਜੋ ਵਿਧਵਾ ਤਾਂ ਹੋ ਗਈਆਂ ਹਨ ਪਰ ਮੁੜ-ਵਿਆਹ ਕਰਵਾਉਣ ਵਿੱਚ ਕੁੱਝ ਵੀ ਮਾੜਾ ਨਹੀਂ ਸਮਝਦੀਆਂ। ਇਸ ਪ੍ਰਕਾਰ ਸੁਭੱਦਰਾ ਕੁਲ ਵਿਧਵਾਵਾਂ ਦੀਆਂ ਆਸਾਂ ਦੀ ਪ੍ਰਤੀਨਿਧਤਾ ਕਰਦੀ ਹੈ। ਇਸੇ ਲਈ ਪ੍ਰਤੀਨਿਧ ਪਾਤਰ ਹੀ ਕਿਸੇ ਸਮਾਜਿਕ ਪਹਿਲੂ ਨੂੰ ਭਰਪੂਰ ਅਰਥਾਂ ਵਿੱਚ ਪੇਸ਼ ਕਰ ਸਕਣ ਦੇ ਯੋਗ ਹੁੰਦੇ ਹਨ। ਇਸ ਪ੍ਰਕਾਰ ਦੀ ਪਾਤਰ-ਉਸਾਰੀ ਦਾ ਇੱਕ ਹੋਰ ਲਾਭ ਇਹ ਵੀ ਹੁੰਦਾ ਹੈ ਕਿ ਦਰਸ਼ਕਾਂ ਦਾ ਆਜਿਹੇ ਪਾਤਰਾਂ ਨਾਲ ਮਾਨਵੀ ਹਮਦਰਦੀ ਦਾ ਰਿਸ਼ਤਾ ਵੀ ਕਾਇਮ ਰਹਿੰਦਾ ਹੈ। ਇਸੇ ਲਈ ਵੀ ਨੰਦਾ ਹੋਰਾਂ ਦੇ ਨਾਟਕਾਂ ਦੀ ਵਾਰਤਾਲਾਪ ਸਦਾ ਜੀਵਨ ਦੇ ਨੇੜੇ ਹੁੰਦੀ ਹੈ।

## 18.5 ਸਾਰ

ਇਕਾਂਗੀ ਦਾ ਜਨਮ ਪੱਛਮ ਵਿੱਚ ਹੋਇਆ। (ਪੂਰੇ) ਨਾਟਕ ਦੇ ਸ਼ੁਰੂ ਹੋਣ ਤੋਂ ਪਹਿਲਾਂ ਆ ਚੁੱਕੇ ਦਰਸ਼ਕਾਂ ਨੂੰ ਰੋਕੀ ਰੱਖਣ ਲਈ ਪੇਸ਼ ਕੀਤੀ ਝਾਕੀ ਇਸ ਦੀ ਜਨਮਦਾਤੀ ਸੀ। ਕਹਾਣੀ ਵਾਂਗ ਹੀ ਇਕਾਂਗੀ ਅੱਜ ਇੱਕ ਸੁਤੰਤਰ ਕਲਾ-ਕ੍ਰਿਤ ਹੈ। ਇਸ ਦਾ ਮੂਲ ਸੁਭਾ ਤਾਂ ਨਾਟਕ ਵਾਲਾ ਹੀ ਹੈ ਪਰ ਨਾਟਕ ਦਾ ਸਾਰ ਜਾਂ ਅੰਸ਼ ਨਹੀਂ।

ਪੰਜਾਬੀ ਇਕਾਂਗੀ ਦਾ ਜਨਮ ਇਸ ਸਦੀ ਦੇ ਪਹਿਲੇ-ਦੂਜੇ ਦਹਾਕੇ ਵਿੱਚ ਹੋਇਆ। ਈਸ਼ਵਰ ਚੰਦਰ ਨੰਦਾ ਨੇ ਮਿਸਜ਼ ਨੌਰਾ ਰਿਚਰਡਜ਼ ਦੀ ਸਿਖਲਾਈ ਹੇਠ, ਪਹਿਲਾ ਇਕਾਂਗੀ 'ਦੁਲਹਨ' ਦਿਆਲ ਸਿੰਘ ਕਾਲਜ, ਲਾਹੌਰ ਦੀ ਸਟੇਜ ਉੱਤੇ ਸੰਨ 1913 ਵਿੱਚ ਲਿਖਿਆ ਤੇ ਖੇਡਿਆ। ਇਸੇ ਮੁੱਢਲੇ ਦੌਰ ਵਿੱਚ ਐਸ.ਐਸ. ਭਟਨਾਗਰ ਤੇ ਰਜਿੰਦਰ ਲਾਲ ਸਾਹਨੀ ਨੇ ਵੀ ਇੱਕ-ਇੱਕ ਇਕਾਂਗੀ ਲਿਖਿਆ ਤੇ ਸਟੇਜ ਉੱਤੇ ਪੇਸ਼ ਕੀਤਾ। ਪੰਜਾਬੀ ਇਕਾਂਗੀ ਦਾ ਦੂਜਾ ਦੌਰ ਸੰਤ ਸਿੰਘ ਸੇਖੋਂ ਦੇ 1940 ਵਿੱਚ ਪ੍ਰਕਾਸ਼ਿਤ 'ਛੇ ਘਰ' ਨਾਂ ਦੇ ਇਕਾਂਗੀ-ਸੰਗ੍ਰਹਿ ਤੋਂ ਹੋਇਆ। ਸੇਖੋਂ ਸਾਹਿਬ ਨੇ ਜੀਵਨ ਦੀ ਵਿਆਖਿਆ ਤੇ ਮੁਲਾਂਕਣ ਲਈ ਮਾਰਕਸਵਾਦੀ ਦ੍ਰਿਸ਼ਟੀ ਦਾ ਪੱਖ ਪੂਰਿਆ। ਮੁਢਲੇ ਦੌਰ ਦੇ ਇਕਾਂਗੀ ਲੇਖਕਾਂ ਪਾਸ ਕਿਸੇ ਨਿਸ਼ਚਿਤ ਜੀਵਨ-ਦਰਸ਼ਨ ਦੀ ਘਾਟ ਨੂੰ ਸੇਖੋਂ ਸਾਹਿਬ ਨੇ ਪੂਰਿਆਂ ਕੀਤਾ। ਗੁਰਬਖਸ਼ ਸਿੰਘ 'ਪ੍ਰੀਤਲੜੀ', ਹਰਚਰਨ ਸਿੰਘ ਤੇ ਬਲਵੰਤ ਗਾਰਗੀ ਇਨ੍ਹਾਂ ਤਿੰਨਾਂ ਨੇ ਇਸੇ ਦੂਜੇ ਦੌਰ ਵਿੱਚ ਹੀ ਇਕਾਂਗੀ ਲਿਖਣੇ ਆਰੰਭ ਕੀਤੇ ਸਨ। ਇਨ੍ਹਾਂ ਤੋਂ ਅਲਾਵਾ ਗੁਰਦਿਆਲ ਸਿੰਘ ਖੋਸਲਾ ਤੇ ਕਰਤਾਰ ਸਿੰਘ ਦੁੱਗਲ ਨੇ ਵੀ ਇਸੇ ਦੂਜੇ ਦੌਰ ਵਿੱਚ ਹੀ ਲਿਖਣਾ ਸ਼ੁਰੂ ਕਰ ਦਿੱਤਾ ਸੀ।

ਪੰਜਾਬੀ ਇਕਾਂਗੀ ਦਾ ਤੀਜਾ ਦੌਰ ਦੇਸ਼-ਵੰਡ ਤੋਂ ਬਾਅਦ ਹੀ ਸ਼ੁਰੂ ਹੋਇਆ। ਬੇਸ਼ਕ, ਇਸ ਦੌਰ ਵਿੱਚ ਹੀ ਮੁਢਲੇ ਤੇ ਦੂਜੇ ਦੌਰ ਦੇ ਨਾਟਕਕਾਰਾਂ ਨੇ ਆਪਣੀ ਕਲਾ ਨੂੰ ਵਿਕਸਿਤ ਕੀਤਾ। ਅਮਰੀਕ ਸਿੰਘ, ਗੁਰਚੰਰਨ ਸਿੰਘ ਜਸੂਜਾ, ਤੇ ਕਪੂਰ ਸਿੰਘ ਘੁੰਮਣ ਇਹ ਤੀਜੇ ਦੌਰ ਦੀ ਵਿਸ਼ੇਸ਼ ਪ੍ਰਾਪਤੀ ਹਨ। ਕੁਲ ਮਿਲਾ ਕੇ ਪੰਜਾਬੀ ਨਾਟਕ ਦੀ ਸਥਿਤੀ ਕੋਈ ਬਹੁਤੀ ਚੰਗੀ ਨਹੀਂ। ਕਾਰਨ? ਵਿਕਸਿਤ ਰੰਗ-ਮੰਚ ਦੀ ਘਾਟ। ਨਾਲੇ, ਹੁਣ ਤਾਂ ਫ਼ਿਲਮ ਦੇ ਮਾਧਿਅਮ ਨੇ ਰਹਿੰਦੀ ਕਸਰ ਪੂਰੀ ਕਰ ਦਿੱਤੀ ਹੈ।

**ਪਹਿਲਾ ਅਭਿਆਸ**

ਹੇਠ ਲਿਖੇ ਸਵਾਲਾਂ ਦਾ ਸੰਖੇਪ ਉੱਤਰ ਦਿਓ; ਉੱਤਰ ਖ਼ਾਲੀ ਛੱਡੀਆਂ ਹੋਈਆਂ ਥਾਵਾਂ ਉੱਤੇ ਦੇਣੇ ਹਨ।

1 ਪੱਛਮ ਵਿੱਚ ਇਕਾਂਗੀ ਦਾ ਜਨਮ ਕਿਨ੍ਹਾਂ ਹਾਲਾਤ ਵਿੱਚ ਹੋਇਆ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਇਕਾਂਗੀ ਦੀ ਪਰਿਭਾਸ਼ਾ ਨਾਲ ਥੋੜੇ ਸ਼ਬਦਾਂ ਵਿੱਚ ਪਰਿਚੈ ਦਿਓ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

3 ਪੰਜਾਬੀ ਇਕਾਂਗੀ ਦੇ ਤਿੰਨ ਪ੍ਰਮੁੱਖ ਦੌਰ ਕਿਹੜੇ ਹਨ ? ਇਨ੍ਹਾਂ ਨਾਲ ਬਹੁਤ ਹੀ ਸੰਖੇਪ ਵਿੱਚ ਜਾਣ-ਪਛਾਣ ਕਰਾਓ।

4 ਈਸ਼ਵਰ ਚੰਦਰ ਨੰਦਾ ਦੀਆਂ ਰਚਨਾਵਾਂ ਦੇ, ਸਾਹਿੱਤ ਦੇ ਰੂਪਾਂ ਅਨੁਸਾਰ, ਨਾਂ ਲਿਖੋ।

5 ਨੰਦਾ ਸਾਹਿਬ ਦੇ ਨਾਟਕਾਂ ਦੇ ਪ੍ਰਮੁੱਖ ਵਿਸ਼ਿਆਂ ਨਾਲ ਸੰਖੇਪ ਜਾਣ-ਪਛਾਣ ਕਰਾਓ।

## 18.6 ਬੇਈਮਾਨ

**ਪਾਤਰ**

ਮੋਟਰ ਵਰਕਸ਼ਾਪ ਦਾ ਮੈਨੇਜਰ - ਉਮਰ ਚਾਲੀ, ਬਤਾਲੀ ਸਾਲ
ਮੋਟਰ ਵਾਲਾ - ਉਮਰ ਪੰਜਾਹ ਦੇ ਨੇੜੇ ਤੇੜੇ
ਮੋਟਰ ਵਾਲੇ ਦੀ ਤੀਵੀਂ - ਉਮਰ ਚਾਲੀ, ਪੰਜਤਾਲੀ ਸਾਲ
ਮਿਸਤਰੀ ਬਸੰਤ ਰਾਮ - ਉਮਰ ਤੀਹ, ਬੱਤੀ ਸਾਲ
ਇੱਕ ਪੁਲਿਸ ਇੰਸਪੈਕਟਰ
ਇੱਕ ਬੀਮਾ ਕੰਪਨੀ ਦਾ ਮੈਨੇਜਰ
ਇੱਕ ਹੋਰ ਮਿਸਤਰੀ

| | |
|---|---|
| **ਝਾਕੀ-** | ਮੋਟਰ ਵਰਕਸ਼ਾਪ ਵਿੱਚ ਮੈਨੇਜਰ ਦਾ ਦਫ਼ਤਰ। |
| **ਵੇਲਾ-** | ਦਿਨ ਦੇ ਚਾਰ ਪੰਜ ਵਜੇ। |

ਮੋਟਰਾਂ ਦੀ ਮੁਰੰਮਤ ਦੀ ਹਲਕੀ ਹਲਕੀ ਠੱਕ-ਠੱਕ ਤੇ ਕਾਰਖਾਨੇ ਦਾ ਧੀਮਾ ਧੀਮਾ ਸ਼ੋਰ ਸੁਣਾਈ ਦੇਂਦਾ ਹੈ। ਸਟੇਜ ਦੇ ਸੱਜੇ ਹੱਥ ਖੂੰਜੇ ਵਾਲੇ ਦਰਵਾਜ਼ੇ ਉੱਤੇ ਇੱਕ ਸਾਈਨ ਬੋਰਡ 'ਸਟੋਰ' ਲਟਕ ਰਿਹਾ ਹੈ। ਦਫ਼ਤਰ ਦੀ ਮੇਜ਼ ਦੀ ਸਾਹਮਣੀ ਕੰਧ ਉੱਤੇ ਇੱਕ ਕਲੰਡਰ ਟੰਗਿਆ ਹੋਇਆ ਦਿਸਦਾ ਹੈ। ਦਫ਼ਤਰ ਦੇ ਖੱਬੇ ਪਾਸੇ ਚਪੜਾਸੀ ਸਟੂਲ ਉੱਤੇ ਬੈਠਾ ਹੈ। ਮੋਟਰ ਵਾਲਾ ਸੱਜੇ ਪਾਸਿਓਂ ਬਾਹਰੋਂ ਆਉਂਦਾ ਹੈ।

**ਮੋਟਰ ਵਾਲਾ-** (ਬੜਾ ਖਿੱਝਿਆ ਹੋਇਆ ਜਾਪਦਾ ਹੈ। ਮੈਨੇਜਰ ਨੇ ਉੱਥੇ ਆ ਕੇ ਚਪੜਾਸੀ ਨੂੰ) ਮੈਨੇਜਰ ਸਾਹਿਬ ਕਿੱਥੇ ਨੇ ?

**ਚਪੜਾਸੀ-** ਹੁਣੇ ਇੱਥੇ ਹੀ ਸਨ ਸਾਹਬ, ਬੁਲਾ ਲਿਆਵਾਂ ?

**ਮੋਟਰ ਵਾਲਾ-** ਹਾਂ, ਹਾਂ ਜਲਦੀ! (ਚਪੜਾਸੀ ਜਾਂਦਾ ਹੈ) ਹੱਦ ਹੋ ਗਈ ਬੇਈਮਾਨੀ ਦੀ। ਬਿਲ ਵੀ ਤਗੜਾ ਦਿਓ ਤੇ ਇਨਾਮ ਸ਼ਿਨਾਮ ਦਾ ਜੁਰਮਾਨਾ ਵੱਖਰਾ ਭਰੋ। ਨਹੀਂ ਤਾਂ ... ਨਹੀਂ ਤਾਂ ਮੋਟਰ ਦੀ ਖ਼ੈਰ ਨਹੀਂ। ਇਹ ਮਿਸਤਰੀ ਇੱਕ ਚੀਜ਼ ਬਣਾਉਣਗੇ ਤੇ ਦੋ ਵਿਗਾੜਨਗੇ।

(ਮੈਨੇਜਰ ਆਉਂਦਾ ਹੈ)

**ਮੈਨੇਜਰ-** ਆਈਏ, ਆਈਏ, ਕੀ ਹੁਕਮ ਏ ? ਫਰਮਾਓ।(ਕੁਰਸੀ ਵੱਲ ਇਸ਼ਾਰਾ ਕਰ ਕੇ) ਤਸ਼ਰੀਫ਼ ਰੱਖੋ।

**ਮੋਟਰ ਵਾਲਾ-** ਪਰਸੋਂ ਮੈਂ ਹੈੱਡ ਲਾਈਟ (Head light) ਦਾ ਡਿੱਪਰ (Dipper) ਮੁਰੰਮਤ ਲਈ ਦੇ ਗਿਆ ਸੀ।

**ਮੈਨੇਜਰ-** ਤਾਂ ਕੀ ਅਜੇ ਉਹ ਬਣਿਆ ਨਹੀਂ ? ਮਿਸਤਰੀ ਨੂੰ ਤਾਕੀਦ ਕੀਤੀ ਗਈ ਸੀ। (ਚਪੜਾਸੀ ਨੂੰ) ਚਪੜਾਸੀ, ਬਸੰਤ ਰਾਮ ਨੂੰ ਬੁਲਾਓ।

**ਮੋਟਰ ਵਾਲਾ-** ਨਹੀਂ, ਨਹੀਂ, ਬੁਲਾਉਣ ਦੀ ਜ਼ਰੂਰਤ ਨਹੀਂ। ਡਿੱਪਰ ਬਣ ਗਿਆ ਹੈ।

**ਮੈਨੇਜਰ-** ਕੀ ਕੁਝ ਨੁਕਸ ਰਹਿ ਗਿਆ ਏ ? ਉਹ ਵੀ ਹੁਣੇ ਕਢਾ ਦਿੰਦੇ ਆਂ।

**ਮੋਟਰ ਵਾਲਾ-** ਨੁਕਸ ਕੁਛ ਨਹੀਂ, ਬਿਲਕੁਲ ਨਹੀਂ। ਸਗੋਂ ਡਿੱਪਰ ਨਵਾਂ ਬਣ ਗਿਆ ਏ।

**ਮੈਨੇਜਰ-** ਜੀ ਸ਼ੁਕਰੀਆ! ਸਾਡੀ ਤਾਂ ਪਾਲਿਸੀ ਇਹੀ ਹੈ। ਚੰਗਾ ਕੰਮ ਤੇ ਚੰਗੇ ਦਾਮ' ਤੁਸੀਂ ਜਾਣਦੇ ਈ ਓ ਅਸੀਂ ਸਿਰਫ਼ ਹੁਸ਼ਿਆਰ ਤੇ ਤਜ਼ਰਬੇਕਾਰ ਮਿਸਤਰੀ ਰੱਖਦੇ ਹਾਂ, ਭਾਵੇਂ ਤਨਖਾਹ ਜ਼ਿਆਦਾ ਕਿਉਂ ਨਾ ਦੇਣੀ ਪਏ। ਅਨਾੜੀ ਮਿਸਤਰੀ ਨੂੰ ਵਰਕਸ਼ਾਪ ਦੇ ਨੇੜੇ ਨਹੀਂ ਢੁੱਕਣ ਦਿੰਦੇ। ਹੋਰ ਵਰਕਸ਼ਾਪਾਂ ਵਿੱਚ ਤੁਹਾਨੂੰ ਇਹ ਗੱਲ ਨਹੀਂ ਲੱਭੇਗੀ।

**ਮੋਟਰ ਵਾਲਾ-** ਕੋਈ ਸ਼ੱਕ ਨਹੀਂ ਤੁਹਾਡਾ ਕੰਮ ਬਹੁਤ ਸੁਥਰਾ ਏ।

**ਮੈਨੇਜਰ-** ਬਹੁਤ ਬਹੁਤ ਸ਼ੁਕਰਿਆ। ਸਾਨੂੰ ਵੀ ਤੁਹਾਡੇ ਜਿਹੇ ਮਿਹਰਬਾਨਾਂ ਦੀ ਖੁਸ਼ੀ ਈ ਲੋੜੀਂਦੀ ਏ। ਹਛਾ, ਹੋਰ ਮੇਰੇ ਲਾਇਕ ਸੇਵਾ ?

**ਮੋਟਰ ਵਾਲਾ-** ਕਹਿਣਾ ਤਾਂ ਮੈਂ ਜ਼ਰੂਰ ਸੀ ਕੁੱਛ, ਪਰ ਝੱਕ ਰਿਹਾ ਆਂ।

**ਮੈਨੇਜਰ-** ਤੁਹਾਡਾ ਆਪਣਾ ਗਰਾਜ ਏ। ਝਕਣ ਦੀ ਕੀ ਲੋੜ ਏ ? ਫਰਮਾਓ।

**ਮੋਟਰ ਵਾਲਾ-** ਮੈਂ ਸਿਰਫ਼ ਇਹ ਪੁੱਛਣਾ ਸੀ ਪਈ ਤੁਹਾਡੇ ਮਿਸਤਰੀਆਂ ਨੂੰ 'ਇਨਾਮ ਸ਼ਿਨਾਮ' ਦੇਣ ਦਾ ਰਿਵਾਜ ਕਦੋਂ ਤੋਂ ਚੱਲਿਆ ਏ ?

**ਮੈਨੇਜਰ-** ਨਹੀਂ, ਸਾਹਿਬ, ਸਾਡੇ ਇਹ ਕੋਈ ਰਿਵਾਜ ਨਹੀਂ। ਨਾ ਕਦੀ ਹੈ ਸੀ ਤੇ ਨਾ ਕਦੀ ਹੋਵੇਗਾ। 'ਇਨਾਮ' ਦਾ ਕੀ ਮਤਲਬ ? ਮਿਸਤਰੀਆਂ ਨੂੰ ਚੰਗੀ ਚੋਖੀ ਤਨਖਾਹ ਦਿੰਦੇ ਆਂ। ਓਵਰ ਟਾਈਮ (ਵਾਧੂ ਵੇਲੇ) ਦੀ ਵਧੀਕ ਮਜ਼ਦੂਰੀ ਦਿੰਦੇ ਆਂ। ਫੇਰ ਇਨਾਮ ਦੀ ਬੇਹੂਦਗੀ ਦਾ ਕੀ ਮਤਲਬ ? ਕੀ ਤੁਹਾਡੇ ਕੋਲੋਂ ਕਿਸੇ ਨੇ ਇਨਾਮ ਮੰਗਿਆ ਏ ?

**ਮੋਟਰ ਵਾਲਾ -** ਸਾਫ਼ ਗੱਲ ਇਹ ਹੈ ਕਿ ਮੇਰੇ ਦਿਲ ਵਿੱਚ ਡਰ ਜਿਹਾ ਪੈ ਗਿਆ ਏ ?

**ਮੈਨੇਜਰ-** ਜ਼ਰੂਰ ਪੈ ਗਿਆ ਹੋਣਾ ਏ।

**ਮੋਟਰ ਵਾਲਾ-** ਮੇਰੇ ਲਈ ਤਾਂ ਹੁਣ ਸਿਰਫ਼ ਦੋ ਰਸਤੇ ਹਨ। ਇੱਕ ਤਾਂ ਇਹ ਪਈ ਮਿਸਤਰੀਆਂ ਦੀ ਜੇਬ ਹਰੀ ਕਰਵਾ ਦਵ੍ਹਾਂ, ਨਹੀਂ ਤਾਂ ਪਤਾ ਨਹੀਂ ਕਿਤਨਾ ਫਜ਼ੂਲ ਖਰਚ ਕਰਵਾਉਂਦੇ ਰਹਿਣ। ਤੇ ਜੇ ਕਿਸੇ ਦਾ ਤਕਲਾ ਉਂਜ ਵਿੰਗਾ ਹੋ ਜਾਏ ਤਾਂ ਭਾਵੇਂ ਮੇਰੀ ਜਾਨ ਖ਼ਤਰੇ ਵਿੱਚ ਪਾ ਦੇਣ।

**ਮੈਨੇਜਰ-** ਇਹ ਜਨਾਬ ਕੀ ਕਹਿ ਰਹੇ ਓ ? ਕਿਸ ਦੀ ਮਜਾਲ ਏ ?

**ਮੋਟਰ ਵਾਲਾ-** ਤੇ ਦੂਜਾ ਇਹ ਪਈ ਇਸ ਗਰਾਜ ਨੂੰ ਈ ਸਲਾਮ ਕਰਾਂ।

**ਮੈਨੇਜਰ-** (ਹੱਸ ਕੇ) ਤੁਹਾਨੂੰ ਜਾਣ ਕੌਣ ਦਏਗਾ ? ਵਾਹ, ਜਨਾਬ ਵਾਹ। ਇਹ ਗਰਾਜ ਤੁਹਾਡੀ ਸੇਵਾ ਲਈ ਏ, ਨਾ ਕਿ ਮਿਸਤਰੀਆਂ ਲਈ। ਇਸ ਤੋਂ ਵੱਧ ਕੇ ਸਾਡੀ ਬਦਨਾਮੀ ਕੀ ਹੋ ਸਕਦੀ ਏ, ਕਿ ਤੁਹਾਡੇ ਜਿਹੇ ਮਿਹਰਬਾਨ ਨਰਾਜ਼ ਹੋ ਕੇ ਟੁਰ ਜਾਣ।

**ਮੋਟਰ ਵਾਲਾ-** ਪਰ ਮੈਨੇਜਰ ਸਾਹਿਬ, ਗੱਲ ਤਾਂ ਕੁੱਛ ਇਹੋ ਜਿਹੀ ਬਣ ਗਈ ਏ।

**ਮੈਨੇਜਰ-** ਜੇ ਕਿਸੇ ਮਿਸਤਰੀ ਨੇ ਇਨਾਮ ਦੇ ਬਹਾਨੇ ਜਨਾਬ ਕੋਲੋਂ ਕੋਈ ਵਧੀਕ ਮੰਗ ਕੀਤੀ ਏ ਤਾਂ ਉਹਦਾ ਮੈਨੂੰ ਬੇ-ਹੱਦ ਅਫਸੋਸ ਏ। ਤੁਸੀਂ ਮਿਹਰਬਾਨੀ ਕਰਕੇ ਉਸ ਕਮਬਖਤ ਦਾ ਨਾਮ ਦੱਸੋ, ਮੈਂ ਉਸ ਨੂੰ ਠੀਕ ਕਰ ਦੇਵਾਂਗਾ ਤੇ ਐਸੀ ਸਜ਼ਾ ਦੇਵਾਂਗਾ ਜੋ ਯਾਦ ਪਿਆ ਕਰੇ।

**ਮੋਟਰ ਵਾਲਾ-** ਖ਼ੈਰ, ਸਜ਼ਾ ਤੁਸੀਂ ਦਿਓ ਜਾਂ ਨਾ ਦਿਓ ਪਰ ਮੇਰਾ ਮਤਲਬ ਤੁਸਾਂ ਸਮਝ ਲਿਆ ਏ ਨਾ।

**ਮੈਨੇਜਰ-** ਚੰਗੀ ਤਰ੍ਹਾਂ! ਸੱਚ ਜਾਣੋ ਮੈਨੂੰ ਇਹ ਸੁਣ ਕੇ ਬੇਹੱਦ ਦੁੱਖ ਹੋਇਆ ਏ। ਇਸ ਵੇਲੇ ਮੇਰੇ ਦਿਲ ਵਿੱਚ ਜੇ ਕੋਈ ਖਿਆਲ ਹੈ ਤਾਂ ਇਹ ਕਿ ਮੈਂ ਪੂਰੀ ਪੂਰੀ ਤਸੱਲੀ ਕਰ ਸਕਾਂ। ਫਰਮਾਓ, ਵਿੱਚੋਂ ਗੱਲ ਕੀ ਹੈ?

**ਮੋਟਰ ਵਾਲਾ-** ਬੜੀ ਮਿਹਰਬਾਨੀ। ਗੱਲ ਇਹ ਹੈ ਕਿ ਜਿੱਦਾਂ ਤੁਸੀਂ ਆਪ ਵੀ ਵੇਖਿਆ ਸੀ, ਮੇਰੀ ਮੋਟਰ ਦੀ ਹੈਡ ਲਾਈਟ ਕੰਮ ਨਹੀਂ ਕਰਦੀ ਸੀ।

**ਮੈਨੇਜਰ-** ਜੀ ਹਾਂ।

ਮੋਟਰ ਵਾਲਾ- ਤੇ ਮਿਸਤਰੀ ਨੇ ਡਿੱਪਸ (dipper) ਮੁਰੰਮਤ ਲਈ ਮੋਟਰ ਵਿੱਚੋਂ ਕੱਢ ਕੇ ਰੱਖ ਲਿਆ ਸੀ।

ਮੈਨੇਜਰ- ਜੀ ਹਾਂ

ਮੋਟਰ ਵਾਲਾ- ਅੱਜ ਜਦੋਂ ਮੈਂ ਆਇਆ ਤੇ ਮਿਸਤਰੀ ਨੇ ਦੱਸਿਆ ... ।

ਮੈਨੇਜਰ- ਜੀ ਹਾਂ।

ਮੋਟਰ ਵਾਲਾ- ਕਿ ਡਿਪਰ ਬਿਲਕੁਲ ਨਕਾਰਾ ਹੋ ਚੁੱਕਿਆ ਹੈ ਤੇ ਮੁਰੰਮਤ ਦੇ ਕਾਬਿਲ ਨਹੀਂ ਸੀ।

ਮੈਨੇਜਰ- ਜੀ ਹਾਂ।

ਮੋਟਰ ਵਾਲਾ- ਤੇ ਮੈਂ ਉਹਦੀ ਥਾਂ ਹੋਰ ਡਿੱਪਰ ਪਾ ਦਿੱਤਾ ਏ।

ਮੈਨੇਜਰ- ਖੂਬ !

**ਮੋਟਰ ਵਾਲਾ-** ਤੇ ਜਦੋਂ ਮੈਂ ਪੁੱਛਿਆ ਪਈ ਮੇਰਾ ਡਿੱਪਰ ਕਿੱਥੇ ਏ ਤਾਂ ਜਵਾਬ ਮਿਲਿਆ ਪਈ ਉਹਦਾ ਪੁਰਜ਼ਾ ਪੁਰਜ਼ਾ ਨਕਾਰਾ ਸੀ, ਸੋ ਰੱਦੀ ਵਿੱਚ ਸੁੱਟ ਦਿੱਤਾ ਤੇ ਉਹਦੀ ਥਾਂ ਨਵਾਂ ਡਿੱਪਰ ਪਾ ਦਿੱਤਾ। ਜਦੋਂ ਮੈਂ ਪੁੱਛਿਆ ਪਈ ਇਹਦੀ ਕੀਮਤ ਕੀ ਏ ਤਾਂ ਮਿਸਤਰੀ ਕਹਿਣ ਲੱਗਾ, "ਤੁਸੀਂ ਜੋ ਖੁਸ਼ੀ ਏ ਦੇ ਦੇਣਾ।" ਮੈਂ ਇਹ ਸੁਣ ਕੇ ਹੈਰਾਨ ਰਹਿ ਗਿਆ ਤੇ ਪੁੱਛਿਆ ਪਈ ਡਿੱਪਬ ਸਟੋਰ (store) ਤੋਂ ਲਿਆ ਏ ਤਾਂ ਜਵਾਬ ਮਿਲਿਆ, "ਤੁਸੀਂ ਸਟੋਰ ਤੋਂ ਈ ਸਮਝ ਲਓ, ਪਰ ਤੁਹਾਨੂੰ ਇਹਦੇ ਨਾਲ ਕੀ? ਤੁਹਾਡੀ ਖੁਸ਼ੀ ਏ ਕੁੱਝ ਦੇ ਦਿਓ, ਨਹੀਂ ਖੁਸ਼ੀ ਤਾਂ ਨਾ ਸਹੀ, ਮੈਂ ਕੰਮ ਤੁਹਾਡਾ ਕਰ ਦਿੱਤਾ ਏ।" ਉਸ ਵੇਲੇ ਮੈਨੂੰ ਕੋਈ ਜਵਾਬ ਨਾ ਔੜਿਆ ਤੇ ਸੱਚੀ ਗੱਲ ਇਹ ਹੈ ਪਈ ਮੈਂ ਬੜੀ ਕੁੜਿੱਕੀ ਵਿੱਚ ਫਸ ਗਿਆ। ਮੈਨੂੰ ਚੁੱਪ ਵੇਖ ਕੇ ਆਪ ਹੋਰੀ ਬੋਲੇ, "ਤੁਸੀਂ ਮੇਰਾ ਮਤਲਬ ਸਮਝ ਗਏ ਹੋਵੋਗੇ?" ਤੇ ਹਕੀਕਤ ਇਹ ਹੈ ਕਿ ਹੁਣ ਮੈਂ ਹਜ਼ਰਤ ਦਾ ਮਤਲਬ ਸੱਚ ਮੁੱਚ ਸਮਝ ਗਿਆ ਸੀ। ਮੇਰੀ ਚੁੱਪ ਮੈਨੂੰ ਐਡੀ ਬੋਝਲ ਭਾਸ ਰਹੀ ਸੀ ਤੇ ਬੇਵਸਾਈ ਮੇਰੇ ਮੂੰਹੋਂ ਨਿਕਲ ਗਿਆ, "ਹੱਛਾ, ਤੁਹਾਨੂੰ ਪੰਜ ਰੁਪੈ ਮਿਲ ਜਾਣਗੇ।" ਬਸ, ਆਪ ਬੜੇ ਖੁਸ਼ ਹੋ ਕੇ ਬੋਲੇ, "ਬਹੁਤ ਮੇਹਰਬਾਨੀ। ਜਦੋਂ ਸਾਨੂੰ ਕੁੱਛ ਇਨਾਮ ਮਿਲ ਜਾਂਦਾ ਹੈ, ਅਸੀਂ ਕੰਮ ਡਾਢਾ ਸੁਆਰ ਕੇ ਕਰਦੇ ਆਂ।" ਬਸ ਉਸੇ ਵੇਲੇ ਤੋਂ ਮੇਰਾ ਭਰੋਸਾ ਉੱਡ ਚੁੱਕਾ ਏ। ਅਜੇ ਇਹ ਪਿਆ ਸੋਚਦਾ ਸੀ ਪਈ ਰੁਪੈ ਦੇਵਾਂ ਜਾਂ ਨਾ ਦੇਵਾਂ ਜੋ ਖਿਆਲ ਆਇਆ ਪਈ ਪਹਿਲੇ ਤੁਹਾਡੇ ਕੰਨਾਂ, 'ਚੋਂ ਇਹ ਗੱਲ ਕੱਢਣੀ ਜ਼ਰੂਰੀ ਏ।

**ਮੈਨੇਜਰ-** ਤੁਸਾਂ ਮੇਰੇ ਉੱਤੇ ਬੜਾ ਇਹਸਾਨ ਕੀਤਾ ਏ, ਜਨਾਬ। ਬੜਾ ਹੀ ਸ਼ੁਕਰ ਗੁਜ਼ਾਰ ਆਂ।

**ਮੋਟਰ ਵਾਲਾ-** ਮੈਂ ਨਹੀਂ ਕਹਿ ਸਕਦਾ ਪਈ ਉਹ ਡਿੱਪਰ ਅਸਲੋਂ ਨਵਾਂ ਏ ਜਾਂ ਮੇਰਾ ਈ ਪੁਰਾਣਾ ਸਾਫ ਕਰਕੇ ਜੜ੍ਹ ਦਿੱਤਾ ਏ ਤੇ ਉਹਦੇ ਪੈਸੇ ਵਾਧੂ ਦੇ ਮੇਰੇ ਕੋਲੋਂ ਅਟੇਰੇ ਜਾ ਰਹੇ ਹਨ।

**ਮੈਨੇਜਰ-** ਗਜ਼ਬ ਕੀਤਾ ਏ ਬੇਈਮਾਨ ਨੇ! (ਚਪੜਾਸੀ ਨੂੰ) ਚਪੜਾਸੀ, ਹਰਬੰਸ ਕੋ ਬੁਲਾਓ (ਚਪੜਾਸੀ ਜਾਂਦਾ ਹੈ) ਜਨਾਬ, ਕਿਹੜੇ ਲਫ਼ਜ਼ਾਂ ਨਾਲ ਮੈਂ ਆਪ ਕੋਲੋਂ ਮੁਆਫੀ ਮੰਗਾਂ, ਸ਼ਰਮ ਨਾਲ ਪਾਣੀ-ਪਾਣੀ ਹੋ ਰਿਹਾ ਆਂ। ਪੰਜ ਛੇ ਸਾਲ ਤੋਂ ਇਸ ਵਰਕਸ਼ਾਪ ਦਾ ਇਨਚਾਰਜ ਆਂ। ਇਹ ਪਹਿਲਾ ਮੌਕਾ ਏ ਜੋ ਏਡੀ ਸ਼ਰਮਿੰਦਗੀ ਉਠਾਣੀ ਪਈ ਏ। ਮੈਨੂੰ ਇਸ ਗੱਲ ਦਾ ਫ਼ਖਰ ਸੀ ਕਿ ਮੇਰੇ ਮਿਸਤਰੀ ਨਿਰੇ ਹੁਸ਼ਿਆਰ ਈ ਨਹੀਂ ਸਗੋਂ ਈਮਾਨਦਾਰ ਵੀ ਹਨ, ਪਰ ਇਸ ਬੇਈਮਾਨ ਨੇ ਤਾਂ ਮੈਨੂੰ ਮਿੱਟੀ ਵਿੱਚ ਰੋਲ ਦਿੱਤਾ ਹੈ।

(ਹਰਬੰਸ ਆਉਂਦਾ ਹੈ)

**ਹਰਬੰਸ-** ਜਨਾਬ ਮੈਨੂੰ ਬੁਲਾਇਆ ਏ?

**ਮੈਨੇਜਰ-** ਹਾਂ, ਹਰਬੰਸ, ਵੇਖੀਂ ਜ਼ਰਾ, ਉਹ ਸਾਹਿਬ ਦੀ ਮੋਟਰ ਵਿੱਚ ਜਿਹੜਾ ਡਿੱਪਰ ਬਸੰਤ ਰਾਮ ਨੇ ਹੁਣੇ ਫਿੱਟ ਕੀਤਾ ਏ, ਉਹਨੂੰ ਕੱਢ ਲਿਆ ਪਰ ਵੇਖੀਂ ਬਸੰਤ ਰਾਮ ਨੂੰ ਪਤਾ ਨਾ ਲੱਗੇ। ਜਲਦੀ!

**ਹਰਬੰਸ-** ਜਲਦੀ ਜਨਾਬ, ਹੁਣੇ ਲਿਆਇਆ।

**ਮੈਨੇਜਰ-** ਜੋ ਕੁਛ ਆਪ ਨੇ ਇਨਾਮ ਵਗੈਰਾ ਦੇ ਮੁਤਲਿੱਕ ਫਰਮਾਇਆ ਸੀ ਇਹ ਮੁਆਮਲਾ ਤਾਂ ਉਸ ਕੋਲੋਂ ਕਿਤੇ ਵੱਧ ਤੇ ਮਕਾਲਖ ਵਾਲਾ ਨਿਕਲਿਆ। ਖ਼ੈਰ ਉਹਦੇ ਵੀ ਹੋਸ਼ ਠਿਕਾਣੇ ਆ ਜਾਣਗੇ।

**ਮੋਟਰ ਵਾਲਾ-** ਹੁਣ ਤੁਸੀਂ ਆਪ ਸੋਚੋ, ਮੈਨੇਜਰ ਸਾਹਿਬ, ਮੇਰੇ ਲਈ ਕਿੱਡੀ ਵੱਡੀ ਉਲਝਣ ਏ। ਇੱਕ ਵਾਰੀ ਰਿਸ਼ਵਤ ਦੇ ਕੇ ਹਮੇਸ਼ਾ ਲਈ ਪੈਂਤੜਾ ਪਾ ਲਵਾਂ। ਇਹ ਮਿਸਤਰੀ ਨਿੱਤ-ਨਵਾਂ ਫਿਤਨਾ ਖੜਾ ਕਰਦੇ ਰਹਿਣਗੇ। ਮੇਰੇ ਬਚਾ ਦਾ ਤਰੀਕਾ ਤਾਂ ਇਹੋ ਈ ਏ ਪਈ ਕਿਸੇ ਹੋਰ ਵਰਕਸ਼ਾਪ ਵੱਲ ਭੱਜਾਂ।

**ਮੈਨੇਜਰ-** ਤੁਸੀਂ ਇਤਨੇ ਪਰੇਸ਼ਾਨ ਨਾ ਹੋਵੋ, ਮੈਂ ਇਸ ਦਾ ਪੂਰਾ ਪੂਰਾ ਬੰਦੋਬਸਤ ਕਰਾਂਗਾ, ਤੁਸੀਂ ਤਸੱਲੀ ਰੱਖੋ। ਇਹ ਸਵਾਲ ਸਿਰਫ਼ ਤੁਹਾਡਾ ਈ ਨਹੀਂ, ਸਾਡਾ ਵੀ ਏ। ਮੈਂ ਆਪ ਦੀ ਇਖ਼ਲਾਕੀ ਦੀ ਦਲੇਰੀ ਤੇ ਸਾਫਗੋਈ ਦਾ ਬੇਹੱਦ ਸ਼ੁਕਰਗੁਜ਼ਾਰ ਆਂ। ਕੌਣ ਕਹਿ ਸਕਦਾ ਏ ਸਾਡੇ ਇਤਨੇ ਸ਼ਰੀਫ ਮਿਹਰਬਾਨ ਸਿਰਫ਼ ਇਸੇ ਗੱਲੋਂ ਸਾਨੂੰ ਛੱਡ ਗਏ ਨੇ ਤੇ ਕਿਤਨੇ 'ਸੱਪ ਦੇ ਮੂੰਹ ਕਿਰਲੀ ਆਈ' ਵਾਲੇ ਹਿਸਾਬ ਵਿੱਚੋਂ-ਵਿੱਚ ਸੜੇ ਬੈਠੇ ਨੇ। ਮੈਂ ਇਸ ਮੁਆਮਲੇ ਦੀ ਤਹਿ ਤੀਕ ਪਹੁੰਚ ਕੇ ਰਵ੍ਹਾਂਗਾ।

**ਹਰਬੰਸ-** (ਡਿੱਪਰ ਦੇ ਕੇ) ਲਓ ਜਨਾਬ, ਮੈਂ ਠਹਿਰਾਂ ?

**ਮੈਨੇਜਰ-** ਨਹੀਂ, ਠਹਿਰਣ ਦੀ ਲੋੜ ਨਹੀਂ।

(ਹਰਬੰਸ ਲਾਲ ਚਲਾ ਜਾਂਦਾ ਹੈ। ਮੈਨੇਜਸ ਡਿੱਪਰ ਨੂੰ ਬੜੇ ਗਹੁ ਨਾਲ ਵੇਖਦਾ ਹੈ)
ਇਹ ਡਿੱਪਰ ਨਵਾਂ ਨਹੀਂ ਏ, ਪਰ ਵੇਖਣ ਨੂੰ ਨਵੇਂ ਤੋਂ ਘੱਟ ਵੀ ਨਹੀਂ। ਇਸ ਨੂੰ ਬੜੀ ਮਿਹਨਤ ਤੇ ਹੁਸ਼ਿਆਰੀ ਨਾਲ ਸਾਫ਼ ਕੀਤਾ ਗਿਆ ਏ।

**ਮੋਟਰ ਵਾਲਾ-** ਕੀ ਮਤਲਬ ? ਕਿ ਇਹ ਉਹੋ ਪੁਰਾਣਾ ਡਿੱਪਰ ਏ ?

**ਮੈਨੇਜਰ-** ਇਹ ਪੱਕੀ ਗੱਲ ਏ ਕਿ ਇਹ ਨਵਾਂ ਨਹੀਂ। ਨਵੇਂ ਦੀ ਇਤਨੀ ਚਮਕ ਨਹੀਂ ਹੁੰਦੀ (ਦਿਖਾ ਕੇ), ਇਹ ਵੇਖੋ, ਵੇਖਿਆ ਜੇ, ਕਿੱਦਾਂ ਲਿਸ਼ਕ ਰਿਹਾ ਏ, ਇਹ ਨਿਰੀ ਪੈਟਰੋਲ ਦੀ ਕਰਾਮਾਤ ਏ, ਖ਼ੈਰ, ਜ਼ਰਾ ਖੋਲ੍ਹ ਕੇ ਵੇਖ ਲੈਂਦੇ ਆਂ।
(ਮੇਜ਼ ਦੇ ਦਰਾਜ਼ ਵਿੱਚੋਂ ਪੇਚਕਸ ਕੱਢ ਕੇ) ਉੱਫ-ਓਓ, ਇਹਦਾ ਤਾਂ ਇੱਕ ਪੁਰਜ਼ਾ ਵੀ ਨਵਾਂ ਨਹੀਂ ਏ।

**ਮੋਟਰ ਵਾਲਾ-** ਤਾਂ ਤੇ ਹਜ਼ਰਤ ਨੇ ਮੇਰੇ ਨਾਲ ਚੰਗਾ ਹੱਥ ਖੇਡਿਆ ਏ।

**ਮੈਨੇਜਰ-** ਖ਼ੈਰ, ਉਹਨੂੰ ਵੀ ਹੁਣ ਆਪਣੀ ਕੀਤੀ ਭੁਗਤਣੀ ਪਏਗੀ ਤਾਂ ਚੰਗਾ ਸੁਆਦ ਆ ਜਾਏਗਾ। ਸਾਰੀ ਚਲਾਕੀ ਹੁਣੇ ਅੱਗੇ ਆ ਜਾਏਗੀ। (ਚਪੜਾਸੀ ਨੂੰ) ਚਪੜਾਸੀ, ਬਸੰਤ ਰਾਮ ਨੂੰ ਬੁਲਾਓ।

**ਚਪੜਾਸੀ-** ਬਹੁਤ ਅੱਛਾ, ਹਜ਼ੂਰ।

**ਮੋਟਰ ਵਾਲਾ-** ਜੇ ਤੁਸੀਂ ਉਹਦੇ ਨਾਲ ਵੱਖਰੇ ਹੀ ਗੱਲ ਕਰਨੀ ਹੋਵੇ, ਤਾਂ ਮੈਂ ਪਰੇ ਚਲਿਆ ਜਾਵਾਂ ?

**ਮੈਨੇਜਰ-** ਨਹੀਂ, ਨਹੀਂ, ਤੁਸੀਂ ਕਿਉਂ ਜਾਓ, ਸਾਰੀ ਗੱਲ ਤੁਹਾਡੇ ਸਾਮਣੇ ਹੋਵੇਗੀ

**ਮੋਟਰ ਵਾਲਾ-** ਪਹਿਲੇ ਵੀ ਕੋਈ ਇਹੋ ਜਿਹਾ ਕਿੱਸਾ ਹੋਇਆ ਹੈ, ਮੈਨੇਜਰ ਸਾਹਿਬ ?

**ਮੈਨੇਜਰ-** ਹੋ ਸਕਦਾ ਏ, ਹੋਇਆ ਹੋਵੇ ਪਰ ਮੇਰੇ ਨੋਟਿਸ ਵਿੱਚ ਨਹੀਂ ਆਇਆ। ਮੈਂ ਤਾਂ ਜਨਾਬ ਇਸ ਵਰਕਸ਼ਾਪ ਲਈ ਈਮਾਨਦਾਰ ਤੇ ਵਧੀਆ ਕਾਰਗੁਜ਼ਾਰੀ ਦੀ ਰੀਤ ਬੰਨ੍ਹਣਾ ਚਾਹੁੰਦਾ ਆਂ, ਪਰ ਇਸ ਬੇਈਮਾਨ ਨੇ ਮੇਰੇ ਸਾਰੇ ਕੀਤੇ ਕਰਾਏ ਦੇ ਸਿਰ ਖੇਹ ਪਾ ਦਿੱਤੀ ਏ।

(ਬਸੰਤ ਰਾਮ ਆਉਂਦਾ ਹੈ।)

**ਮੈਨੇਜਰ-** (ਕਰੋਧ ਭਰੀ ਆਵਾਜ਼ ਵਿੱਚ) ਤੇਰੀ ਸ਼ਿਕਾਇਤ ਹੋਈ ਹੈ। ਮਲੂਮ ਏ ?

**ਬਸੰਤ ਰਾਮ-** ਜੀ ਹਾਂ।

**ਮੈਨੇਜਰ-** ਜੀ ਹਾਂ! ਜੀ ਹਾਂ! ਕੀ ਮਤਲਬ ? ਤੈਨੂੰ ਕਿੱਦਾਂ ਪਤਾ ਲੱਗਾ ਏ ?

**ਬਸੰਤ ਰਾਮ-** ਜੀ ਹਰਬੰਸ ਨੂੰ ਗੱਡੀ ਵਿੱਚੋਂ ਡਿੱਪਰ ਕੱਢਦਿਆਂ ਵੇਖਿਆ ਸੀ। (ਮੋਟਰ ਵਾਲੇ ਵੱਲ ਇਸ਼ਾਰਾ ਕਰ ਕੇ) ਨਾਲੇ ਆਪ ਵੀ ਇੱਥੇ ਈ ਹੈਨ।

**ਮੈਨੇਜਰ-** ਤੂੰ ਕੁੱਛ ਕਹਿਣਾ ਚਾਹੁੰਦਾ ਏ ?

**ਬਸੰਤ ਰਾਮ-** ਕੁੱਛ ਨਹੀਂ।

**ਮੈਨੇਜਰ-** ਕੁੱਛ ਨਹੀਂ ? ਕੁੱਛ ਨਹੀਂ ਦਾ ਕੀ ਮਤਲਬ ?

**ਬਸੰਤ ਰਾਮ-** ਜਨਾਬ ਮੈਨੂੰ ਪਤਾ ਨਹੀਂ ਮੇਰਾ ਕਸੂਰ ਕੀ ਏ ? ਕਹਿਣਾ ਕੀ ਹੋਇਆ ?

**ਮੈਨੇਜਰ-** ਕੀ ਤੈਨੂੰ ਇਹ ਪਤਾ ਨਹੀਂ ਕਿ ਤੇਰੀ ਸ਼ਿਕਾਇਤ ਕਿਹੜੀ ਗੱਲੋਂ ਹੋਈ ਏ। ਬੜਾ ਅੰਞਾਣਾ ਪਿਆ ਬਣਦਾ ਏਂ।

**ਬਸੰਤ ਰਾਮ-** ਜਨਾਬ ਸ਼ਿਕਾਇਤ ਤਾਂ ਹੋਈ ਏ ਮੇਰੀ ਬਦਨਸੀਬੀ ਨਾਲ, ਪਰ ਕਸੂਰ ਦਾ ਪਤਾ ਨਹੀਂ ਏ।

**ਮੈਨੇਜਰ-** ਖ਼ੈਰ ਨਾ ਸੀ। ਮੇਰੇ ਸਵਾਲ ਦਾ ਜਵਾਬ ਦੇ। ਆਪ ਜੀ ਦੀ ਗੱਡੀ ਵਿੱਚ ਡਿੱਪਰ ( dipper) ਤੂੰ ਫਿੱਟ ਕੀਤਾ ਏ ?

**ਬਸੰਤ ਰਾਮ-** ਜੀ ਮੈਂ ਈ।

**ਮੈਨੇਜਰ-** ਡਿੱਪਰ ਆਪ ਜੀ ਦਾ ਏ ?

**ਬਸੰਤ ਰਾਮ-** ਜੀ ਆਪ ਦੀ ਗੱਡੀ ਵਿੱਚੋਂ ਲਿਆ ਸੀ, ਆਪ ਦਾ ਈ ਹੋਵੇਗਾ।

**ਮੈਨੇਜਰ-** ਵੇਖ ਬਸੰਤ ਰਾਮ, ਇਹ ਸ਼ੇਖੀ ਕਿਸੇ ਹੋਰ ਮੌਕਿਆਂ ਲਈ ਰਹਿਣ ਦੇ, ਤੇ ਸਿੱਧੀ ਤਰ੍ਹਾਂ ਗੱਲ ਕਰ!

**ਬਸੰਤ ਰਾਮ-** ਬਦਨਸੀਬਾਂ ਲਈ ਸਾਰੇ ਮੌਕੇ ਇੱਕੋ ਜਿਹੇ ਈ ਹੁੰਦੇ ਨੇ, ਜਨਾਬ!

**ਮੈਨੇਜਰ-** ਬਦਨਸੀਬੀ ਦਾ ਰੋਣਾ ਰੋਣ ਲਈ ਹੋਰ ਬਹੁਤ ਵੇਲਾ ਹੋਵੇਗਾ। ਇਸ ਵੇਲੇ ਸਾਫ਼ ਸਾਫ਼ ਦੱਸ, ਪਈ ਇਹ ਡਿੱਪਰ ਆਪ ਜੀ ਦਾ ਏ ਜਾਂ ਨਵਾਂ ?

**ਬਸੰਤ ਰਾਮ-** ਆਪ ਜੀ ਦਾ। ਨਵਾਂ ਕਿੱਥੋਂ ਆਉਣਾ ਸੀ ?

**ਮੈਨੇਜਰ-** ਫਿਰ ਤੂੰ ਇਨ੍ਹਾਂ ਨੂੰ ਕਿਉਂ ਕਿਹਾ ਕਿ ਇਹ ਡਿੱਪਰ ਨਵਾਂ ਏ ?

**ਬਸੰਤ ਰਾਮ-** ਜਨਾਬ, ਇਹ ਮੈਂ ਕਦੋਂ ਕਿਹਾ ਕਿ ਇਹ ਡਿੱਪਰ ਨਵਾਂ ਏ ? ਮੈਂ ਤਾਂ ਅਰਜ਼ ਕੀਤੀ ਏ ਪਈ ਡਿੱਪਰ ਇਨ੍ਹਾਂ ਦੀ ਗੱਡੀ ਵਿੱਚੋਂ ਲਿਆ ਸੀ, ਇਨ੍ਹਾਂ ਦਾ ਈ ਹੋਣਾ ਏ!

**ਮੈਨੇਜਰ-** ਇਹ ਤਾਂ ਹੁਣ ਕਹਿ ਰਿਹਾ ਏਂ। ਮੇਰਾ ਸਵਾਲ ਏ ਕਿ ਤੂੰ ਇਨ੍ਹਾਂ ਨੂੰ ਡਿੱਪਰ ਦੇ ਮਤੱਲਿਕ ਕੀ ਕਿਹਾ ਏ ?

**ਬਸੰਤ ਰਾਮ-** ਇਹੋ ਈ ਪਈ ਡਿੱਪਰ ਜਨਾਬ ਦਾ ਬਹੁਤ ਖ਼ਰਾਬ ਹੋ ਚੁੱਕਿਆ ਸੀ ਤੇ ਮਿਹਨਤ ਨਾਲ ਸਾਫ਼ ਕਰਕੇ ਨਵਾਂ ਬਣਾ ਦਿੱਤਾ ਏ। ਕਿਉਂ ਜਨਾਬ, ਇਹੋ ਈ ਕਿਹਾ ਸੀ ਨਾ ?

**ਮੋਟਰ ਵਾਲਾ-** ਝੂਠ, ਸਰਾਸਰ ਝੂਠ, ਤੂੰ ਇਹ ਕਿਹਾ ਕਿ ਡਿੱਪਰ ਬਿਲਕੁਲ ਨਕਾਰਾ ਹੋ ਚੁੱਕਾ ਸੀ। ਉਸ ਨੂੰ ਰੱਦੀ ਦੀ ਢੇਰੀ ਉੱਤੇ ਸੁੱਟ ਦਿੱਤਾ ਹੈ ਤੇ ਉਹਦੀ ਥਾਂ ਨਵਾਂ ਪਾ ਦਿੱਤਾ ਏ।

**ਬਸੰਤ ਰਾਮ-** ਜਨਾਬ ਵੱਡੇ ਆਦਮੀ ਓ, ਮੈਂ ਕੋਈ ਗੁਸਤਾਖੀ ਦਾ ਲਫ਼ਜ਼ ਤੁਹਾਡੀ ਸ਼ਾਨ ਵਿੱਚ ਮੂਹੋਂ ਨਹੀਂ ਕੱਢ ਸਕਦਾ, ਅਸਲ ਗੱਲ ਇਹ ਕਿ ਤੁਹਾਨੂੰ ਜ਼ਰਾ ਗ਼ਲਤ-ਫ਼ਹਿਮੀ ਹੋ ਗਈ ਏ।

**ਮੋਟਰ ਵਾਲਾ-** (ਗੁੱਸੇ ਨਾਲ ਕੜਕ ਕੇ) ਯਾਨੀ ਜੋ ਕੁਛ ਮੈਂ ਸੁਣਿਆ, ਗਲਤ ਸੁਣਿਆ, ਤੇ ਜੋ ਕੁਛ ਸਮਝਿਆ, ਗਲਤ ਸਮਝਿਆ। ਯਾਨੀ ਮੇਰੇ ਹੋਸ਼ ਠਿਕਾਣੇ ਨਹੀਂ ਸਨ, ਮੇਰਾ ਦਿਮਾਗ ਖਰਾਬ ਹੋ ਗਿਆ ਸੀ ?

**ਬਸੰਤ ਰਾਮ-** ਨਹੀਂ ਜਨਾਬ, ਨਹੀਂ, ਗੁਸਤਾਖੀ ਮੁਆਫ਼ ਪਰ ਆਪ ਨੂੰ ਗਲਤ-ਫ਼ਹਿਮੀ ਜ਼ਰੂਰ ਹੋਈ।

**ਮੋਟਰ ਵਾਲਾ-** (ਕਟਾਕਸ਼ ਨਾਲ) ਤੇ ਜਨਾਬ ਸ਼ਾਇਦ ਹੁਣ ਇਹ ਵੀ ਫਰਮਾਓਗੇ ਪਈ ਜਿਹੜਾ ਤੁਸੀਂ ਇਨਾਮ ਮੰਗਿਆ ਸੀ, ਉਹ ਵੀ ਮੇਰੀ....।

**ਬਸੰਤ ਰਾਮ-** (ਗੱਲ ਟੁੱਕ ਕੇ) ਹਾਂ ਜਨਾਬ, ਉਹ ਵੀ ਗਲਤਫਹਿਮੀ ਏ! ਮੈਂ ਕੋਈ ਇਨਾਮ ਸ਼ਿਨਾਮ ਨਹੀਂ ਮੰਗਿਆ। ਸਗੋਂ ਤੁਸੀਂ ਆਪ ਈ ਕਿਹਾ, "ਕਿਹਾ ਚੰਗਾ ਹੁੰਦਾ ਜੇ ਨਵਾਂ ਡਿੱਪਰ ਪੈ ਜਾਂਦਾ, ਰੋਜ਼ ਰੋਜ਼ ਦਾ ਝੇੜਾ ਛੁੱਟ ਜਾਂਦਾ।" ਮੈਂ ਅਰਜ਼ ਕੀਤੀ ਪਈ ਨਵੇਂ ਦੀ ਕੀਮਤ ਨੌ-ਦਸ ਰੁਪੈ ਹੋਵੇਗੀ ਤਾ ਆਪ ਨੇ ਫਰਮਾਇਆ, "ਨਾ ਭਈ, ਸਾਡਾ ਤਾਂ ਦੋ ਚਾਰ ਰੁਪੈ ਵਿੱਚ ਕੰਮ ਬਣ ਜਾਏ ਤਾਂ ਠੀਕ ਏ" (ਜ਼ਰਾ ਕਟਾਕਸ਼ੀ ਰਾਸੇ ਨਾਲ) ਤੇ ਜਨਾਬ ਮੈਂ ਅੱਗੋਂ ਇਹ ਕਿਹਾ ਕਿ ਵਰਕਸ਼ਾਪ ਵਿੱਚ ਇਹ ਨਹੀਂ ਹੋ ਸਕਦਾ ਤੇ ਆਪ ਨਰਾਜ਼ ਹੋ ਕੇ ਨੱਠ ਆਏ ਤੇ ਮੇਰੀ ਸ਼ਿਕਾਇਤ ਕਰ ਦਿੱਤੀ।

**ਮੋਟਰ ਵਾਲਾ-** ਹੱਦ ਹੋ ਗਈ! ਹੱਦ ਹੋ ਗਈ! ਇਹ ਮੈਂ ਕੀ ਸੁਣ ਰਿਹਾ ਆਂ ਜਾਗਦਾ ਆਂ ਜਾਂ ਸੁਫਨਾ ਵੇਖ ਰਿਹਾ ਆਂ!

**ਬਸੰਤ ਰਾਮ-** ਮੇਰੀ ਸਮਝ ਵਿੱਚ ਤਾਂ ਜਨਾਬ ਸੁਫਨਾ ਈ ਵੇਖ ਰਹੇ ਓ।

**ਮੈਨੇਜਰ-** ਖਾਮੋਸ਼, ਗੁਸਤਾਖ, ਬੇਹਯਾ ! (ਮੋਟਰ ਵਾਲੇ ਨੂੰ) ਤੁਸੀਂ ਪਰੇਸ਼ਾਨ ਨਾ ਹੋਵੋ ਜੀ, ਮੈਂ ਇਸ ਬੇਈਮਾਨ ਨੂੰ ਠੀਕ ਕਰ ਦੇਵਾਂਗਾ।

**ਮੋਟਰ ਵਾਲਾ-** ਇਹ ਚੰਗੀ ਹੋਈ! ਆਏ ਸੀ ਨਮਾਜ਼ ਬਖਸ਼ਾਉਣ, ਉਲਟੇ ਰੋਜ਼ੇ ਗਲ ਪੈ ਗਏ। ਹੁਣ ਤੁਹਮਤ ਉੱਤੇ ਤੁਹਮਤ ਮੇਰੇ ਸਿਰ ਮੜ੍ਹੀ ਜਾ ਰਹੀ ਹੈ। ਉਲਟਾ ਚੋਰ ਕੋਤਵਾਲ ਨੂੰ ਡਾਂਟੇ ਤੇ ਅਜੇ ਬਲਬਾਂ ਵਾਲਾ ਕਿੱਸਾ ਤਾਂ ਮੈਂ ਸੁਣਾਇਆ ਈ ਨਹੀਂ। ਮੈਨੇਜਰ ਸਾਹਿਬ, ਤੁਸੀਂ ਮੈਨੂੰ ਕੀ ਸਮਝਦੇ ਹੋਵੋਗੇ।

**ਮੈਨੇਜਰ-** ਇਹੋ ਈ ਕਿ ਤੁਸੀਂ ਬੜੇ ਸ਼ਰੀਫ ਆਦਮੀ ਓ ਤੇ ਇਸ ਬੇਈਮਾਨ ਬੇਸ਼ਊਰ ਨੇ ਆਪ ਜੀ ਦੀ ਬੜੀ ਹੱਤਕ ਕੀਤੀ ਏ। ਮੈਂ ਬਹੁਤ ਸ਼ਰਮਿੰਦਾ ਹੋ ਰਿਹਾ ਹਾਂ। ਤੁਸੀਂ ਬਲਬਾਂ ਵਾਲੀ ਗੱਲ ਵੀ ਸੁਣਾ ਦਿਓ।

**ਮੋਟਰ ਵਾਲਾ-** ਸੁਣਾ ਤਾਂ ਦੇਵਾਂ ਪਰ ਕੀ ਪਤਾ ਏ ਇਹ ਕੀ ਨਵੀਂ ਤੁਹਮਤ ਮੇਰੇ ਸਿਰ ਮੜ੍ਹ ਦੇਵੇਗਾ। ਮੈਨੂੰ ਐੜੇ ਛਟੇ ਹੋਏ ਬੰਦੇ ਨਾਲ ਕਦੀ ਵਾਹ ਨਹੀਂ ਪਿਆ। ਗੱਲਾਂ ਗੱਲਾਂ ਵਿੱਚ ਮੈਨੂੰ ਝੂਠਾ ਕਰ ਦਿੱਤਾ ਏ।

**ਮੈਨੇਜਰ-** ਤੁਸੀਂ ਦੱਸੋ ਜੀ, ਇਸ ਗੱਲ ਦੀ ਜ਼ਰਾ ਵੀ ਪਰਵਾਹ ਨਾ ਕਰੋ।

**ਮੋਟਰ ਵਾਲਾ-** ਗੱਲ ਇਹ ਹੈ ਕਿ ਮਿਸਤਰੀ ਸਾਹਿਬ ਫਰਮਾਉਣ ਲੱਗੇ ਕਿ ਮੇਰੀ ਗੱਡੀ ਦੇ ਬਲਬ (Bulb) ਸੜ ਚੁਕੇ ਨੇ, ਨਵੇਂ ਲੈਣੇ ਪੈਣਗੇ, ਨਹੀਂ ਤਾਂ ਡਿੱਪਰ ਦਾ ਕੋਈ ਫਾਇਦਾ ਨਹੀਂ ਹੋਵੇਗਾ।

**ਮੈਨੇਜਰ-** ਇਹ ਤਾਂ ਠੀਕ ਏ।

**ਮੋਟਰ ਵਾਲਾ-** ਹਾਂ, ਪਰ ਤੁਹਾਨੂੰ ਸਸਤੇ ਦਵਾ ਦਵਾਂਗਾ।

**ਮੈਨੇਜਰ-** ਉਹ ਕਿੱਥੋਂ ?

**ਬਸੰਤ ਰਾਮ-** ਆਪਣੇ ਪਿਉ ਦੇ ਕਾਰਖ਼ਾਨੇ ਵਿਚੋਂ। ਕੀ ਸੋਹਣਾ ਕਿੱਸਾ ਘੜਿਆ ਜੇ!

**ਮੈਨੇਜਰ-** ਦੱਸ, ਓਏ ਬਸੰਤ ਰਾਮ, ਇਹ ਕੀ ਗੱਲ ਏ ?

**ਬਸੰਤ ਰਾਮ-** ਗੱਲ ਏ ਸਵਾਹ ਤੇ ਮਿੱਟੀ! ਨਿਰੀ ਬਣਾਉਤ ਮੈਨੂੰ ਤਬਾਹ ਕਰਨ ਲਈ। ਹੋਰ ਕੀ ?

**ਮੋਟਰ ਵਾਲਾ-** ਸੁਣ ਲਿਆ ਜੇ ਮੈਨੇਜਰ ਸਾਹਿਬ, ਜਿਹੜੀ ਕਸਰ ਮੇਰੀ ਬੇਇਜ਼ਤੀ ਵਿੱਚ ਬਾਕੀ ਰਹਿ ਗਈ ਸੀ, ਉਹ ਇਸ ਨੇ ਹੁਣ ਪੂਰੀ ਕਰ ਛੱਡੀ ਏ। ਮੈਨੂੰ ਝੂਠਾ, ਬੇਈਮਾਨ, ਜ਼ਾਲਿਮ, ਜਾਬਰ ਸਭ ਕੁੱਝ ਬਣਾ ਛੱਡਿਆ ਏ।

**ਬਸੰਤ ਰਾਮ-** (ਆਪਣਾ ਬਚਾਉ ਕਰਨ ਲਈ ਦਲੇਰ ਹੋ ਕੇ) ਤੁਸੀਂ ਤਾਂ ਜਨਾਬ ਐਵੇਂ ਉੱਬਲ ਰਹੇ ਓ। ਮੈਂ ਤੁਹਾਡੀ ਸ਼ਾਨ ਵਿੱਚ ਇੱਕ ਵੀ ਇਹੋ ਜਿਹਾ ਲਫਜ਼ ਨਹੀਂ ਕਿਹਾ।

**ਮੋਟਰ ਵਾਲਾ-** ਬਹੁਤ ਹੋ ਚੁੱਕੀ, ਬਹੁਤ ਹੋ ਚੁੱਕੀ। ਤੋਬਾ ਮੇਰੀ, ਮੈਂ ਹਾਰਿਆ, ਬਾਬਾ ਤੇ ਤੂੰ ਜਿੱਤਿਆ।

**ਮੈਨੇਜਰ-** ਚੁੱਪ ਰਹੁ, ਗੁਸਤਾਖ, ਜ਼ਬਾਨ ਨੂੰ ਲਗਾਮ ਦੇ।

**ਬਸੰਤ ਰਾਮ-** ਹੱਛਾ ਜੀ, ਚੁੱਪ ਰਵ੍ਹਾਂਗਾ।

**ਮੈਨੇਜਰ-** ਨਹੀਂ, ਜਵਾਬ ਦੇ ਕਿ ਜੋ ਇਲਜ਼ਾਮ ਤੇਰੇ ਉੱਤੇ ਲਗਾਏ ਗਏ ਨੇ, ਉਨ੍ਹਾਂ ਨੂੰ ਤੂੰ ਮੰਨਦਾ ਏਂ ?

**ਬਸੰਤ ਰਾਮ-** ਮੈਂ ਜਨਾਬ ਮੰਨ ਕਿਸ ਤਰ੍ਹਾਂ ਸਕਦਾ ਆਂ ?

**ਮੈਨੇਜਰ-** ਯਾਨੀ ਤੂੰ ਬੇਕਸੂਰ ਏਂ।

**ਬਸੰਤ ਰਾਮ-** ਬਿਲਕੁਲ।

**ਮੈਨੇਜਰ-** ਵੇਖ, ਸਾਰੀ ਗੱਲ ਠੀਕ ਠੀਕ ਦੱਸ ਦੇ।

**ਬਸੰਤ ਰਾਮ-** ਯਾਨੀ ਝੂਠ ਮੂਠ ਮੰਨਕੇ ਰਹਿਮ ਲਈ ਤਰਲੇ ਪਾਵਾਂ ?

**ਮੋਟਰ ਵਾਲਾ-** ਵੇਖਿਆ, ਕਿੱਦਾਂ ਇਹਦੀ ਜ਼ਬਾਨ ਚਲਦੀ ਏ ?

**ਮੈਨੇਜਰ-** ਬਸੰਤ ਰਾਮ, ਫੇਰ ਨਾ ਕਹੀਂ ਮੈਨੂੰ ਸਫਾਈ ਪੇਸ਼ ਕਰਨ ਦਾ ਮੌਕਾ ਨਹੀਂ ਦਿੱਤਾ (ਮੋਟਰ ਵਾਲੇ ਨੂੰ) ਤੁਸੀਂ ਮਿਹਰਬਾਨੀ ਕਰਕੇ ਸ਼ਿਕਾਇਤ ਲਿਖ ਦਿਓ ਤਾਂ ਜੁ ਇਹਦੀ ਫਾਇਲ (File) ਉੱਤੇ ਆ ਜਾਏ। ਇਹਦੇ ਉੱਤੇ ਮੈਂ ਆਪਣਾ ਆਰਡਰ ਪਾਸ ਕਰਾਂਗਾ (ਬਸੰਤ ਰਾਮ ਨੂੰ) ਤੂੰ ਕੋਈ ਤਹਿਰੀਰੀ ਬਿਆਨ ਦੇਣਾ ਚਾਹੁੰਦਾ ਏਂ ?

**ਬਸੰਤ ਰਾਮ-** ਨਹੀਂ ਜਨਾਬ।

**ਮੈਨੇਜਰ-** ਹੋਰ ਕੁਝ ਕਹਿਣਾ ਈ ?

**ਬਸੰਤ ਰਾਮ-** ਨਹੀਂ ਜਨਾਬ

**ਮੈਨੇਜਰ-** ਅੱਛਾ, ਜਾ, ਕੰਮ ਕਰ।

**ਬਸੰਤ ਰਾਮ-** ਆਦਾਬ ਅਰਜ਼, (ਮੋਟਰ ਵਾਲੇ ਨੂੰ) ਆਦਾਬ ਅਰਜ਼।
(ਬਸੰਤ ਰਾਮ ਜਾਂਦਾ ਹੈ)
(ਮੋਟਰ ਵਾਲਾ ਜੇਬ ਵਿੱਚੋਂ ਫਾਊਂਟੈਨ ਕਲਮ ਕੱਢ ਕੇ ਕਾਗਜ਼ ਉੱਤੇ ਸ਼ਿਕਾਇਤ ਲਿਖਦਾ ਹੈ)
(ਸਟੇਜ ਦੇ ਬਾਹਰੋਂ ਆਵਾਜ਼ਾਂ ਆਉਂਦੀਆਂ ਹਨ)

**ਇੱਕ ਆਵਾਜ਼-** ਬਸੰਤ ਰਾਮ!

**ਦੂਜੀ-** ਬਸੰਤ ਰਾਮ!

**ਤੀਜੀ-** ਓ ਯਾਰ, ਇਹ ਕੀ ਰੌਲਾ ਪੈ ਰਿਹਾ ਸੀ ?

**ਬਸੰਤ ਰਾਮ-** ਕੁਛ ਨਹੀਂ।

**ਚੌਥੀ-** ਨਹੀਂ, ਮੈਨੇਜਰ ਸਾਹਿਬ ਬੜੇ ਗੱਜਦੇ ਪਏ ਸਨ।

**ਪੰਜਵਾਂ-** ਘਬਰਾ ਨਹੀਂ, ਜੋ ਗੱਜਦੇ ਨੇ ਉਹ ਵੱਸਦੇ ਨਹੀਂ।

**ਮੁੜ ਪਹਿਲੀ-** ਬਸੰਤ ਰਾਮ, ਓੜਕੇ ਗੱਲ ਕੀ ਏ ?

**ਬਸੰਤ ਰਾਮ-** ਕੁਝ ਨਹੀਂ, ਤੁਸੀਂ ਆਪਣਾ ਕੰਮ ਕਰੋ।

**ਮੋਟਰ ਵਾਲਾ-** (ਸ਼ਿਕਾਇਤ ਦਾ ਪਰਚਾ ਦੇ ਕੇ) ਇਹ ਲਓ, ਹੁਣ ਤੁਸੀ ਜਾਣੋ ਤੇ ਤੁਹਾਡਾ ਕੰਮ ਜਾਣੇ। ਮੈ ਤਾਂ ਫ਼ੈਸਲਾ ਕਰ ਲਿਆ ਏ ਕਿ ...

**ਮੈਨੇਜਰ-** (ਗੱਲ ਟੁੱਕ ਕੇ) ਮੈਂ ਚੰਗੀ ਤਰ੍ਹਾਂ ਜਾਣਦਾ ਆਂ ਕਿ ਤੁਹਾਡੇ ਦਿਲ ਵਿੱਚ ਕੀ ਖਿਆਲ ਆ ਰਹੇ ਨੇ ਪਰ ਮੇਰੀ ਬੇਨਤੀ ਏ ਪਈ ਤੁਸੀਂ ਕਾਹਲੀ ਨਾ ਕਰੋ, ਤੁਹਾਡੀ ਹਰ ਤਰ੍ਹਾਂ ਤਸੱਲੀ ਕੀਤੀ ਜਾਏਗੀ। ਅਸੀਂ ਤੁਹਾਨੂੰ ਨਾਰਾਜ਼ ਨਹੀਂ ਕਰ ਸਕਦੇ।

(ਮੋਟਰ ਵਾਲੇ ਦੀ ਤੀਵੀਂ ਆਉਂਦੀ ਹੈ। ਹੱਥਾਂ ਵਿੱਚ ਦੋ ਤਿੰਨ ਪਾਰਸਲ ਚੁੱਕੇ ਹੋਏ ਹਨ)

**ਤੀਵੀਂ-** ਕਿਉਂ ਜੀ ਤੁਸੀਂ ਬੜੀ ਦੇਰ ਕਰ ਦਿੱਤੀ ਏ। ਮੋਟਰ ਅਜੇ ਬਣੀ ਨਹੀਂ। ਮੇਰਾ ਸ਼ਾਪਿੰਗ (ਖਰੀਦ) ਤਾਂ ਹੋ ਗਿਆ ।

**ਮੋਟਰ ਵਾਲਾ-** ਮੈਨੇਜਰ ਸਾਹਿਬ, ਇਜ਼ਾਜ਼ਤ ਦਿਓ। ਵਕਤ ਬਹੁਤ ਹੋ ਗਿਆ ਏ।

**ਮੈਨੇਜਰ-** ਹਾਂ, ਹਾਂ, ਵਕਤ ਤਾਂ ਬੇਸ਼ਕ ਬਹੁਤ ਹੋ ਗਿਆ ਏ, ਪਰ ਤੁਹਾਡੀ ਬੜੀ ਮਿਹਰਬਾਨੀ ਹੋਵੇਗੀ, ਜੇ ਦੋ ਮਿੰਟ ਹੋਰ ਤਸ਼ਰੀਫ਼ ਰੱਖੋ। ਬੀਬੀ ਜੀ, ਆਪ ਵੀ ਤਸ਼ਰੀਫ ਰੱਖੋ (ਮਿੰਨਤ ਕਰਕੇ) ਸਿਰਫ ਦੋ ਮਿੰਟ ਲਈ।

**ਮੋਟਰ ਵਾਲਾ-** ਸਾਹਿਬ, ਮੈਂ ਕਾਫ਼ੀ ਪਰੇਸ਼ਾਨ ਹੋ ਚੁੱਕਾ ਆਂ। ਹੁਣ ਤਾਂ ਮਿਹਰਬਾਨੀ ਕਰੋ ਤੇ ਇਜ਼ਾਜ਼ਤ ਈ ਦਿਓ।

**ਤੀਵੀਂ-** ਕੀ ਅਜੇ ਮੋਟਰ ਤਿਆਰ ਨਹੀਂ ਹੋਈ ?

**ਮੈਨੇਜਰ-** ਤਿਆਰ ਏ ਬੀਬੀ ਜੀ, ਬਿਲਕੁਲ ਤਿਆਰ ਏ (ਮੋਟਰ ਵਾਲੇ ਨੂੰ) ਬਸੰਤ ਰਾਮ ਦੇ ਮਤੱਲਕ ਤੁਸੀਂ ਮੇਰਾ ਫੈਸਲਾ ਸੁਣ ਕੇ ਜਾਓ।

**ਮੋਟਰ ਵਾਲਾ-** ਮਾਫ਼ ਕਰਨਾ, ਸਾਨੂੰ ਬੜੀ ਜਲਦੀ ਏ।

**ਮੈਨੇਜਰ-** ਹੁਣੇ ਲਓ! (ਚਪੜਾਸੀ ਨੂੰ) ਚਪੜਾਸੀ ਬਸੰਤ ਰਾਮ ਨੂੰ ਬੁਲਾਓ। ਮੈਂ ਜਨਾਬ, ਇੱਕ ਮਿੰਟ ਵਿੱਚ ਫੈਸਲਾ ਸੁਣਾ ਦਿੰਦਾ ਹਾਂ।

(ਬਸੰਤ ਰਾਮ ਆਉਂਦਾ ਏ)

ਬਸੰਤ ਰਾਮ ਤੂੰ ਬਹੁਤ ਬੁਰਾ ਕੀਤਾ ਏ। ਸਾਡੇ ਅੱਗੇ ਐਡੇ ਮੁਆਜ਼ਿਜ਼ ਮਿਹਰਬਾਨ ਨੂੰ ਧੋਖਾ ਦਿੱਤਾ, ਨਜਾਇਜ਼ ਤੌਰ ਤੇ ਤੂੰ ਇਹਨਾਂ ਕੋਲੋਂ ਰੁਪਈਆ ਉੜਾਉਣ ਦੀ ਕੋਸ਼ਿਸ਼ ਕੀਤੀ ਏ ਤੇ ਆਪਣੀ ਬਦਜ਼ਬਾਨੀ ਨਾਲ ਇਨ੍ਹਾਂ ਦੇ ਦਿਲ ਨੂੰ ਦੁੱਖ ਪਹੁੰਚਾਇਆ ਹੈ। ਸਾਡੇ ਕਾਰਖਾਨੇ ਨੂੰ ਬਦਨਾਮ ਕੀਤਾ ਤੇ ਸਾਡੇ ਮੱਥੇ ਕਲੰਕ ਲਗਾਇਆ ਏ। ਤੈਨੂੰ ਇਸ ਵੇਲੇ ਤੋਂ ਡਿਸਮਿਸ (ਬਰਖਾਸਤ) ਕੀਤਾ ਜਾਂਦਾ ਹੈ। ਸੁਣਿਆ ?

**ਬਸੰਤ ਰਾਮ-** (ਹੱਕਾ ਬੱਕਾ ਹੋ ਕੇ) ਡਿਸਮਿਸ! ਡਿਸਮਿਸ!

**ਮੈਨੇਜਰ-** ਹਾਂ, ਡਿਸਮਿਸ। ਤੇਰੇ ਜਿਹੇ ਮਿਸਤਰੀਆਂ ਨੂੰ ਨੌਕਰ ਰੱਖਣਾ ਆਪਣੇ ਮਿਹਰਬਾਨਾਂ ਨਾਲ ਬੇਇਨਸਾਫੀ ਤੇ ਕਾਰਖਾਨੇ ਨਾਲ ਜ਼ੁਲਮ ਏ। ਸਮਝੇ ?

**ਬਸੰਤ ਰਾਮ-** ਪਰ, ਜਨਾਬ ਮੈਨੂੰ ਤਾਂ ਇਨ੍ਹਾਂ ਦੇ ਇਲਜ਼ਾਮ ਤੋਂ ਇਨਕਾਰ ਏ।

**ਮੈਨੇਜਰ-** ਹੋਵੇਗਾ, ਤੂੰ ਭਲਾ ਇਕਰਾਰ ਕਾਹਨੂੰ ਕਰਨਾ ਹੋਇਆ !

**ਬਸੰਤ ਰਾਮ-** ਮੈਂ ਕਰਦਾ ਆਂ, ਜੀ ਮੈਂ ਕਰਦਾ ਆਂ। ਹੁਣ ਛੁਪਾਉਣਾ ਫਜ਼ੂਲ ਏ।

**ਮੈਨੇਜਰ-** (ਹੈਰਾਨ ਹੋ ਕੇ) ਯਾਨੀ ਤੂੰ ਆਪਣਾ ਕਸੂਰ ਮੰਨਦਾ ਏਂ ? ਤੂੰ ਸੱਚ-ਮੁੱਚ ਧੋਖਾ ਦਿੱਤਾ, ਤੂੰ ਝੂਠ ਬੋਲਿਆ।

**ਬਸੰਤ ਰਾਮ-** ਜੀ, ਮੈਂ ਧੋਖਾ ਦਿੱਤਾ, ਮੈਂ ਝੂਠ ਬੋਲਿਆ।

**ਮੈਨੇਜਰ-** ਸੱਚੋ ਸੱਚ ਦੱਸ, ਕੀ ਪਹਿਲੇ ਤੂੰ ਝੂਠ ਕਿਹਾ ਸੀ ?

**ਬਸੰਤ ਰਾਮ-** ਜੀ ਮੈਂ ਸੱਚੋ-ਸੱਚ ਕਹਿੰਦਾ ਆਂ ਕਿ ਪਹਿਲੇ ਮੈਂ ਝੂਠ ਕਿਹਾ ਸੀ। (ਮੋਟਰ ਵਾਲੇ ਵੱਲ ਇਸ਼ਾਰਾ ਕਰਕੇ) ਜਨਾਬ ਨੇ ਜੋ ਕੁੱਝ ਮੇਰੀ ਬਾਬਤ ਫ਼ਰਮਾਇਆ ਉਹ ਲਫ਼ਜ਼ ਲਫ਼ਜ਼ ਠੀਕ ਏ ਤੇ ਜੋ ਕੁਛ ਮੈਂ ਕਿਹਾ ਉਹ ਲਫ਼ਜ਼ ਲਫ਼ਜ਼ ਗਲਤ।

**ਸਾਰੇ-** ਹੈਂ!

**ਮੈਨੇਜਰ-** ਇਹ ਕੀ ਪਿਆ ਕਹਿੰਦਾ ਏਂ ? ਸਾਨੂੰ ਝੁਠਾਉਂਦਾ ਪਿਆ ਏਂ।

**ਬਸੰਤ ਰਾਮ-** ਨਹੀਂ ਜਨਾਬ, ਸੱਚ ਪਿਆ ਕਹਿੰਦਾ ਆਂ। ਜੋ ਕੁਛ ਮੈਂ ਪਹਿਲੇ ਕਿਹਾ ਸੀ ਉਹ ਝੂਠ ਸੀ।

**ਮੋਟਰ ਵਾਲਾ-** ਆਖ਼ਿਰ ਸਚਾਈ ਕਦੋਂ ਤੱਕ ਛੁਪ ਸਕਦੀ ਏ ?

**ਮੈਨੇਜਰ-** ਕਮਬਖ਼ਤ, ਕਹੁ, ਜੋ ਕੁੱਛ ਤੂੰ ਪਹਿਲੇ ਕਿਹਾ ਸੀ, ਉਹ ਸੱਚ ਸੀ, ਝੂਠ ਨਹੀਂ ਸੀ।

**ਬਸੰਤ ਰਾਮ-** ਜਨਾਬ, ਤੁਸਾਂ ਡਿਸਮਿਸ ਤਾਂ ਕਰ ਈ ਦਿੱਤਾ ਏ, ਹੁਣ ਕਾਹਦਾ ਡਰ, ਜੇ ਸੱਚ ਨੂੰ ਝੂਠ ਕਵ੍ਹਾਂ ਜਾਂ ਝੂਠ ਨੂੰ ਸੱਚ।

**ਮੋਟਰ ਵਾਲਾ-** ਮੈਨੇਜਰ ਸਾਹਿਬ ਮੈਂ ਤੁਹਾਡੀ ਇਹ ਬੁਝਾਰਤ ਨਹੀਂ ਬੁੱਝ ਸਕਿਆ। ਤੁਸੀਂ ਕਿਸ ਵਾਸਤੇ ਇਹਦੇ ਕੋਲੋਂ ਝੂਠ ਨੂੰ ਸੱਚ ਅਖਵਾਉਣਾ ਚਾਹੁੰਦੇ ਓ ? ਯਾਨੀ ਤੁਸੀਂ ਮੈਨੂੰ ਝੂਠਾ ਸਾਬਿਤ ਕਰਨਾ ਚਾਹੁੰਦੇ ਓ ?

**ਮੈਨੇਜਰ-** ਨਹੀਂ ਜਨਾਬ, ਹਰਗਿਜ਼ ਨਹੀਂ। ਗੱਲ ਇਹ ਹੈ ਕਿ ਮੈਂ ਅਸਲ ਵਿੱਚ ਇਸ ਦੇ ਬਿਆਨ ਨੂੰ ਇਤਨਾ ਝੂਠਾ ਤੇ ਗਲਤ ਨਹੀਂ ਸਮਝਦਾ ਸੀ। ਮੇਰਾ ਖਿਆਲ ਸੀ ਕਿ ਜ਼ਰੂਰ ਕੋਈ ਨਾ ਕੋਈ ਗ਼ਲਤ ਫ਼ਹਿਮੀ ਹੋਈ ਹੈ ਤੇ ਆਪਣੀ ਵੱਲੋਂ ਤੁਸੀਂ ਦੋਵੇਂ ਈ ਸੱਚੇ ਹੋਵੋਗੇ।

**ਮੋਟਰ ਵਾਲਾ-** ਤਾਂ ਫਿਰ ਆਪ ਦੇ ਏਡੇ ਗੁੱਸੇ, ਝਾੜ-ਝੰਬ ਤੇ ਡਿਸਮਿਸ ਦਾ ਮਤਲਬ ?

**ਮੈਨੇਜਰ-** ਤੁਹਾਨੂੰ ਖੁਸ਼ ਕਰਨਾ।

**ਮੋਟਰ ਵਾਲਾ-** ਤੁਸੀਂ ਚੰਗਾ ਹੱਥ ਖੇਡਿਆ ਏ ਮੇਰੇ ਨਾਲ। ਇਹ ਖ਼ਾਸਾ ਖੇਲ ਰਿਚਾ ਦਿੱਤਾ ਏ ਤੇ ਮੇਰਾ ਚੰਗੀ ਤਰਾਂ, ਮੌਜੂ ਬਣਾਇਆ ਏ।

**ਮੈਨੇਜਰ-** ਮੁਆਫ਼ੀ ਮੰਗਦਾ ਆਂ, ਜਨਾਬ, ਇਹ ਬਾਤ ਹਰਗਿਜ਼ ਨਹੀਂ। ਸਾਨੂੰ ਤੁਹਾਡੀ ਬੜੀ ਈ ਇੱਜ਼ਤ ਏ। ਸਾਲਾ ਕਾਰਖਾਨਾ ਤੁਹਾਡੇ ਲੋਕਾਂ ਦੇ ਤੁਫ਼ੈਲ ਈ ਚੱਲਦਾ ਏ। ਪਰ ਬਿਜ਼ਨਿਸ ਬੜੀ ਟੇਢੀ ਖੀਰ ਏ।

**ਤੀਵੀਂ-** ਤੁਸੀਂ ਬੜੇ ਚਲਾਕ ਓ, ਮੈਨੇਜਰ ਸਾਹਿਬ।

**ਮੋਟਰ ਵਾਲਾ-** ਤੁਹਾਡੀਆਂ ਚਾਲਾਂ ਨੇ ਤਾਂ ਮੈਨੂੰ ਬੇਹੱਦ ਸ਼ਰਮਿੰਦਾ ਕਰ ਦਿੱਤਾ।

**ਮੈਨੇਜਰ-** (ਹੱਸ ਕੇ) ਤੁਸੀਂ ਜ਼ਰਾ ਵੀ ਪਰਵਾਹ ਨਾ ਕਰੋ। ਹਰ ਦਮ ਨੌਕਰ ਆਂ।

**ਮੋਟਰ ਵਾਲਾ-** ਰਪੋਟ ਸ਼ਪੋਟ ਕਰਨਾ ਸਭ ਫਜ਼ੂਲ ਸੀ। ਇਹੋ ਠੀਕ ਸੀ ਕਿ ਚੁੱਪ ਕਰਕੇ ਮੋਟਰ ਨੂੰ ਕਿਸੇ ਹੋਰ ਵਰਕਸ਼ਾਪ ਲੈ ਜਾਂਦੇ।

**ਮੈਨੇਜਰ-** ਇਸ ਗੱਲ ਦਾ ਤਾਂ ਸਰਕਾਰ, ਨਾਮ ਈ ਨਾ ਲਓ। ਹਾਂ, ਜ਼ਰਾ ਮੇਰੀ ਖਾਤਿਰ ਥੋੜੀ ਦੇਰ ਸਬਰ ਕਰੋ ਤੇ ਫੇਰ ਵੇਖੋ ਕਿ ਇਸ ਕਜ਼ੀਏ ਦਾ ਅੰਤ ਕੀ ਹੁੰਦਾ ਹੈ।

**ਮੋਟਰ ਵਾਲਾ-** ਹਾਲ ਦੀ ਘੜੀ ਤਾਂ ਇਸ ਦੋ ਕੌਡੀ ਦੇ ਮਿਸਤਰੀ ਦੇ ਸਾਹਮਣੇ ਮੇਰੀ ਸਾਰੀ ਸ਼ੇਖੀ ਝੱਗ ਵਾਂਗ ਬਿਠਾ ਦਿੱਤੀ ਜੇ।

**ਮੈਨੇਜਰ-** ਨਹੀਂ, ਜਨਾਬ, ਤੁਸੀਂ ਅਜੇ ਇਸ ਦਾ ਅੰਤ ਨਹੀਂ ਵੇਖਿਆ। ਨਾ ਰਹੇਗਾ ਬਾਂਸ ਤੇ ਨਾ ਵੱਜੇਗੀ ਬਾਂਸਰੀ।

**ਬਸੰਤ ਰਾਮ-** ਯਾਨੀ ਮੈਨੂੰ ਐਵੇਂ ਈ ਕੁਰਬਾਨ ਕਰ ਦਿੱਤਾ ਜਾਏਗਾ।

**ਮੈਨੇਜਰ-** ਨਹੀਂ ਤੈਨੂੰ ਉਹ ਸਜ਼ਾ ਦਿੱਤੀ ਜਾਏਗੀ ਜਿਹੜੀ ਤੇਰਾ ਹੱਕ ਏ। ਤੈਨੂੰ ਡਿਸਮਿਸ ਕੀਤਾ ਜਾਏਗਾ।

**ਬਸੰਤ ਰਾਮ-** ਸੱਚ ਕਵ੍ਹਾਂ ਭਾਵੇਂ ਝੂਠ, ਹਰ ਤਰ੍ਹਾਂ ਡਿਸਮਿਸ ? ਖੁਦਾ ਦਾ ਕਹਿਰ।

**ਮੋਟਰ ਵਾਲਾ-** ਨਹੀਂ, ਦੋ ਚਾਰ ਦਿਨ ਮਗਰੋਂ ਤੈਨੂੰ ਬਹਾਲ ਕਰ ਦੇਣਗੇ।

**ਮੈਨੇਜਰ-** ਨਹੀਂ ਜਨਾਬ, ਇਹ ਮੇਰਾ ਪੱਕਾ ਹੁਕਮ ਏ।

**ਮੋਟਰ ਵਾਲਾ-** (ਕਹਿਕਾ ਮਾਰ ਕੇ) ਯਾ ਹੋਰ ਕੋਈ ਨਿਰੀ ਚਾਲ ?

**ਮੈਨੇਜਰ-** (ਹੱਸ ਕੇ) ਮੈਂ ਬੇਸ਼ਕ ਝੂਠਾ ਹੋਵਾਂ ਪਰ ਤੁਸੀਂ ਐਡੀ ਬੇਇਤਬਾਰੀ ਨਾ ਕਰੋ। ਪਹਿਲੇ-ਪਹਿਲ ਮੈਨੂੰ ਇਸ ਦੀ ਬੇਈਮਾਨੀ ਤੇ ਝੂਠ ਦਾ ਪੂਰਾ ਯਕੀਨ ਨਹੀਂ ਸੀ। ਪਰ ਇਹ ਫੈਸਲਾ ਪੱਥਰ ਦੀ ਲਕੀਰ ਹੋਵੇਗਾ ਕਿਉਂ ਜੁ ਇਸ ਨੇ ਆਪਣੇ ਝੂਠ ਤੇ ਫਰੇਬ ਨੂੰ ਆਪਣੇ ਮੂਹੋਂ ਮੰਨ ਲਿਆ ਏ। ਹੁਣ ਸ਼ੱਕ ਦੀ ਗੁੰਜਾਇਸ਼ ਨਹੀਂ। ਐਸੇ ਬੇਈਮਾਨ ਮਿਸਤਰੀ ਲਈ ਸਾਡੇ ਕਾਰਖਾਨੇ ਵਿੱਚ ਕੋਈ ਥਾਂ ਨਹੀਂ ਹੋ ਸਕਦੀ।

**ਮੋਟਰ ਵਾਲਾ-** ਆਦਾਬ, ਹੁਣ ਇਜਾਜ਼ਤ ਦਿਓ (ਤੀਵੀਂ ਨੂੰ) ਆਓ ਜੀ!

**ਮੈਨੇਜਰ-** ਜ਼ਰਾ ਠਹਿਰੋ (ਚਪੜਾਸੀ ਨੂੰ) ਦੋ ਵਿਮਟੋ ਲਿਆ ਝੱਟ ਪੱਟ।

ਬਸੰਤ ਰਾਮ- ਕਿਉਂ ਜੀ, ਹੁਣ ਹੋ ਗਿਆ ਤੁਹਾਡਾ ਕਲੇਜਾ ਠੰਡਾ ?

ਮੋਟਰ ਵਾਲਾ- ਮੈਨੇਜਰ ਸਾਹਿਬ, ਮੈਂ ਇਹੋ ਜਿਹੀਆਂ ਗੱਲਾਂ ਸੁਣਨ ਲਈ ਨਹੀਂ ਠਹਿਰ ਸਕਦਾ।

ਬਸੰਤ ਰਾਮ- (ਜ਼ਰਾ ਗਰਮ ਹੋ ਕੇ) ਜਨਾਬ ਨੂੰ ਠਹਿਰਨਾ ਪਏਗਾ। ਅਜੇ ਮੈਂ ਬਹੁਤ ਕੁਛ ਕਹਿਣਾ ਏ।

ਮੈਨੇਜਰ- ਖ਼ਬਰਦਾਰ ! ਚੁੱਪ ਰਹੋ।

ਬਸੰਤ ਰਾਮ- ਚੁੱਪ ਰਹੋ! ਡਿਸਮਿਸ ਕਰ ਕੇ ਮੈਨੂੰ ਚੁੱਪ ਰਹਿਣ ਦਾ ਹੁਕਮ ਦਿੰਦੇ ਓ। ਤੁਸਾਂ ਰੋਜ਼ੀ ਮੇਰੀ ਖੋਹ ਲਈ, ਬਰਬਾਦ ਮੈਨੂੰ ਕਰ ਦਿੱਤਾ ਤੇ ਹੁਣ ਹੁਕਮ ਦੇਂਦੇ ਹੋ ਕਿ ਚੁੱਪ ਰਵ੍ਹਾਂ। ਮੇਰਾ ਤਾਂ ਰੋਮ ਰੋਮ ਕੂਕ ਰਿਹਾ ਏ।

ਮੈਨੇਜਰ- ਤੂੰ ਆਪਣੇ ਕੀਤੇ ਦੀ ਸਜ਼ਾ ਪਾਈ।

ਬਸੰਤ ਰਾਮ- ਸੱਚ ਬੋਲਣ ਦੀ।

ਮੈਨੇਜਰ- ਨਹੀਂ, ਝੂਠ ਬੋਲਣ ਦੀ, ਧੋਖਾ ਦੇਣ ਦੀ, ਬੇਈਮਾਨੀ ਕਰਨ ਦੀ।

ਬਸੰਤ ਰਾਮ- ਬੱਸ, ਏਨੀ ਗੱਲ ਉੱਤੇ ਈ ਤੁਸਾਂ ਮੈਨੂੰ ਡਿਸਮਿਸ ਕਰ ਦਿੱਤਾ! ਜ਼ਰਾ ਜਿੰਨੀ ਖਤਾ ਤੇ ਉਹਦੀ ਇਹ ਸਜ਼ਾ!

ਮੈਨੇਜਰ- ਜ਼ਰਾ ਜਿੰਨੀ ਖ਼ਤਾ, ਕੀ ਮਤਲਬ, ਯਾਨੀ ਤੇਰੇ ਖ਼ਿਆਲ ਵਿੱਚ ਝੂਠ, ਫ਼ਰੇਬ, ਬੇਈਮਾਨੀ ਮਾਮੂਲੀ ਕਸੂਰ ਹੈਨ ?

ਬਸੰਤ ਰਾਮ- ਨਾ ਜੀ, ਪਰ ਇਹ ਵੱਡੇ ਵੱਡੇ ਕਾਰਖ਼ਾਨੇ, ਇਹ ਸ਼ਾਨਦਾਰ ਇਮਾਰਤਾਂ ਮਿਲਕੀਤਾਂ, ਜ਼ਾਇਦਾਦਾਂ ਕੀ ਇਹਨਾਂ ਦੀ ਉਸਾਰੀ ਵਿੱਚ ਕਿਸੇ ਨੇ ਝੂਠ ਨੂੰ ਨਹੀਂ ਵਰਤਿਆ ? ਕੀ ਇਹ ਸਚਾਈ ਤੇ ਇਨਸਾਫ ਦੇ ਚੂਨੇ ਗਾਰੇ ਨਾਲ ਬਣੀਆਂ ਨੇ ? ਝੂਠ ਤੇ ਬੇਈਮਾਨੀ ਨਾਲ ਦੌਲਤ ਕਮਾਓ, ਰਿਸ਼ਵਤਾਂ ਖਾਓ, ਬਲੈਕ ਮਾਰਕੀਟ ਕਰ ਕੇ ਆਪਣੇ ਖ਼ਜ਼ਾਨੇ ਭਰੋ ਤੇ ਆਪਣੀ ਤਾਕਤ ਦਾ ਦਾਬਾ ਬਿਠਾਓ। ਫੇਰ ਕੀਹਦੀ ਮਜਾਲ ਏ ਜੋ ਝੂਠ ਦਾ ਲਫਜ਼ ਤੁਹਾਡੀ ਸ਼ਾਨ ਵਿੱਚ ਜਬਾਨ ਉੱਤੇ ਲਿਆ ਸਕੇ। ਦੌਲਤ ਵਾਲਿਆਂ, ਤਾਕਤ ਵਾਲਿਆਂ ਦਾ ਝੂਠ ਝੂਠ ਨਹੀਂ। ਝੂਠ ਸਿਰਫ਼ ਗਰੀਬਾਂ ਤੇ ਕੰਗਾਲਾਂ ਦੇ ਹਿੱਸੇ ਆਇਆ ਏ, ਬਸ।

ਮੈਨੇਜਰ- ਚਲ, ਚਲ ਦਫ਼ਾ ਹੋ ਇੱਥੋਂ, ਅਸੀਂ ਇਹ ਲੇਕਚਰ ਨਹੀਂ ਸੁਨਣਾ ਚਾਹੁੰਦੇ। ਤੇਰੀ ਗੁਸਤਾਖੀ ਦੀ ਹੱਦ ਹੋ ਗਈ ਏ।

ਬਸੰਤ ਰਾਮ- (ਤਾਹਨੇ ਭਰੀ ਆਵਾਜ਼ ਵਿੱਚ) ਮੈਂ ਕੰਗਾਲ, ਤੇ ਕਰਾਂ ਗੁਸਤਾਖੀ! ਇਹ ਮੇਰੀ ਮਜਾਲ ਕਿੱਥੋਂ ?

ਮੈਨੇਜਰ- ਤਾਂ ਬੱਸ ਫਿਰ ਚੁੱਪ ਰਹੁ ਤੇ ਨਿਕਲ ਇੱਥੋਂ।

ਬਸੰਤ ਰਾਮ- ਮੈਂ ਚਲਾ ਜਾਵਾਂਗਾ, ਪਰ ਮੇਰੀਆਂ ਸੜੀਆਂ ਬਲੀਆਂ ਤੁਹਾਨੂੰ ਸੁਨਣੀਆਂ ਪੈਣਗੀਆਂ।

ਮੋਟਰ ਵਾਲਾ- ਹੱਦ ਹੋ ਗਈ! ਇਹ ਮਿਸਤਰੀ ਏ ਕਿ ....?

ਬਸੰਤ ਰਾਮ- (ਗੱਲ ਟੁੱਕ ਕੇ) ... ਜੀ ਹਾਂ, ਇੱਕ ਕਿਸਮਤ ਸੜਿਆ ਏ, ਪਰ ਤੁਹਾਡੀ ਜਾਣੇ ਬਲਾ। ਤੁਸੀਂ ਅਮੀਰ ਓ, ਬੰਗਲਿਆਂ ਵਿੱਚ ਰਹਿੰਦੇ ਓ, ਚੰਗਾ ਚੋਖਾ ਖਾਂਦੇ ਓ, ਗੁਦਗੁਦੇ ਤੇ ਕੂਲੇ ਵਿਛੋਣਿਆਂ ਤੇ ਸੌਂਦੇ ਓ। ਜ਼ਿੰਦਗੀ ਤੁਹਾਡੇ ਲਈ ਐਸ਼ ਈ ਐਸ਼ ਏ। ਤੁਹਾਨੂੰ ਕੀ ਪਤਾ ਏ ਭੁੱਖ, ਪਿਆਸ ਤੇ ਗਰੀਬੀ ਕੀ ਹੁੰਦੀ ਏ ?

ਮੋਟਰ ਵਾਲਾ- ਤੋਬਾ, ਤੋਬਾ, ਕਿਸ ਮੁਸੀਬਤ ਵਿੱਚ ਫਸ ਗਏ।

ਬਸੰਤ ਰਾਮ- (ਮੈਨੇਜਰ ਨੂੰ) ਤੁਸਾਂ ਮੈਨੂੰ ਬੇਈਮਾਨ ਸਮਝ ਲਿਆ ਤੇ ਡਿਸਮਿਸ ਕਰ ਦਿੱਤਾ। ਮੇਰੇ ਬਾਲ ਬੱਚੇ ਦੇ ਮੂੰਹੋਂ ਟੁਕੜਾ ਖੋਹ ਲਿਆ! ਵਾਹ ਵਾ (ਮੋਟਰ ਵਾਲੇ ਨੂੰ) ਤੇ ਤੁਸੀਂ ਵੀ ਜਨਾਬ ਖੁਸ਼ ਹੋ ਰਹੇ ਹੋਵੋਗੇ ਕਿ ਇੱਕ ਬਦਬਖਤ ਬੇਈਮਾਨ ਨੂੰ ਖੂਬ ਸਜ਼ਾ ਮਿਲੀ। ਤੁਸੀਂ ਘਰ ਜਾਓਗੇ, ਪੇਟ ਭਰ ਕੇ ਮਨ ਭਾਉਂਦੇ ਖਾਓਗੇ। ਤੁਹਾਨੂੰ ਇਹ ਸਭ ਕੁਛ ਮੁਬਾਰਕ!

ਮੈਨੇਜਰ ਤੇ ਮੋਟਰ ਵਾਲਾ- (ਇੱਕਠੇ ਹੀ) ਤੋਬਾ, ਤੋਬਾ, ਹੁਣ ਚੁੱਪ ਵੀ ਕਰੇਂਗਾ!

ਬਸੰਤ ਰਾਮ- ਏਧਰ ਮੈਂ ਸੜਿਆ ਬਲਿਆ, ਕਿਸਮਤ ਨੂੰ ਰੋਂਦਾ ਤੇ ਤੁਹਾਨੂੰ ਦੁਹਾਈ ਦੇਂਦਾ ਘਰ ਜਾਵਾਂਗਾ। ਬੱਚੇ ਪੈਸਾ ਮੰਗਣਗੇ ਤਾਂ ਮਾਰ ਖਾਣਗੇ। ਘਰ ਵਾਲੀ ਛੁਡਾਉਣ ਪਏਗੀ ਤਾਂ ਉਹ ਵੀ ਮਾਰ ਖਾਏਗੀ। ਮੈਂ ਇਨਸਾਨ, ਕਿਸਮਤ, ਖੁਦਾ, ਸਭ ਨੂੰ ਪਿਟਾਂਗਾ ਤੇ ਫੇਰ ਕਿਸੇ ਕਿਸੇ ਭਲੇਮਾਣਸ ਦੀ ਜੇਬ ਕੱਟਾਂਗਾ, ਕਿ ਮਾਸੂਮ ਭੁੱਖੇ ਨਾ ਮਰਨ।

ਮੈਨੇਜਰ- ਜਹੱਨਮ ਨੂੰ ਜਾ ਤੇ ਜੋ ਜੀ ਚਾਹੁੰਦਾ ਈ ਕਰ, ਪਰ ਇਹ ਰੋਣਾ ਪਿੱਟਣਾ ਬੰਦ ਕਰ ਹੁਣ। ਬਹੁਤ ਸੁਣ ਬੈਠੇ ਆਂ ਅੱਗੇ ਈ

ਬਸੰਤ ਰਾਮ- ਅਜੇ ਹੋਰ ਵੀ ਕੁਛ ਹੈ, ਉਹ ਵੀ ਤੁਹਾਨੂੰ ਸੁਣਨਾ ਹੀ ਪਏਗਾ।

**ਮੋਟਰ ਵਾਲਾ-** (ਤੀਵੀਂ ਨੂੰ) ਉਠੋ ਜੀ, ਚਲੋ ਚੱਲੀਏ।

**ਤੀਵੀਂ-** ਨਹੀਂ ਜੀ, ਮੈਂ ਸੁਣੇ ਬਿਨਾਂ ਨਹੀਂ ਜਾਵਾਂਗੀ। ਹਾਂ, ਮਿਸਤਰੀ ਕਹੋ ਕਹੋ, ਜ਼ਰੂਰ ਕਹੋ!

**ਮੋਟਰ ਵਾਲਾ-** ਬੱਸ ਜੀ ਬੱਸ; ਬਹੁਤ ਸੁਣ ਬੈਠੇ ਆਂ ਅੱਗੇ ਈ।

**ਮੈਨੇਜਰ-** ਹੁਣ ਚੁੱਪ ਕਰਕੇ ਚਲਾ ਜਾ ਨਹੀਂ ਤਾਂ ......

**ਬਸੰਤ ਰਾਮ-** ਨਹੀਂ ਤਾਂ ਫਾਸੀ ਚਾੜ੍ਹ ਦਿਓਗੇ ? ਚਾੜ੍ਹ ਦਿਓ।

**ਤੀਵੀਂ-** ਨਹੀਂ, ਨਹੀਂ, ਮਿਸਤਰੀ, ਕਹੋ ਕਹੋ।

**ਬਸੰਤ ਰਾਮ-** ਬੀਬੀ ਜੀ, ਤੁਸੀਂ ਮਾਤਾ ਓ। ਮੁਆਫ ਕਰਨਾ, ਮੇਰਾ ਗੁਨਾਹ ਬੇਈਮਾਨੀ ਨਹੀਂ ਗਰੀਬੀ ਏ, ਹਨੇਰੇ ਮੁਨੇਰੇ ਘਰ ਵਿੱਚ ਰਹਿੰਦਾ ਆਂ। ਦਿਨ ਭਰ ਦੀ ਮਿਹਨਤ ਮੁਸ਼ਕਤ ਨਾਲ ਰੁੱਖੀ ਮਿਸੀ ਮਿਲਦੀ ਏ। ਦੁੱਧ, ਘਿਉ ਤਾਂ ਅਸੀਂ ਚੱਖ ਈ ਨਹੀਂ ਸਕਦੇ। ਇਹ ਵੇਖੋ (ਕਮੀਜ਼ ਵਖਾਉਂਦਾ ਹੈ) ਮੇਰੀ ਕਮੀਜ਼ ਦਾ ਹਾਲ, ਬਨਿਆਨ ਵੀ ਮੈਲ ਨਾਲ ਭਰੀ ਲੱਦੀ ਪਈ ਹੈ। ਬੀਵੀ ਬੱਚਿਆਂ ਦੇ ਕਪੜੇ ਵੀ ਪਾਟੇ-ਪੁਰਾਣੇ ਨੇ, ਪਰ ਪਰਮਾਤਮਾ ਜਾਣਦਾ ਏ, ਮੈਂ ਇਹਨਾਂ ਚੀਜ਼ਾਂ ਲਈ ਕਦੀ ਬੇਈਮਾਨੀ ਨਹੀਂ ਕੀਤੀ। ਪਰ ਬੀਮਾਰੀ ਤੇ ਭੁੱਖ ਦਾ ਕੀ ਕਰਾਂ ? ਬੀਵੀ ਬੁਖ਼ਾਰ ਨਾਲ ਮੰਜੀ ਤੇ ਪਈ ਏ, ਬੱਚੇ ਭੁੱਖ ਨਾਲ ਵਿਲਕ ਰਹੇ ਨੇ। ਦੁੱਧ ਤੇ ਦਵਾਈ ਲਈ ਪੈਸੇ ਨਹੀਂ ਸੀ। ਇੱਕ ਮਿਸਤਰੀ ਭਰਾ ਕੋਲੋਂ ਉਧਾਰ ਮੰਗਿਆ ਪਰ ਉਹ ਵੀ ਮੇਰੇ ਵਾਂਗ ਕੰਗਾਲ ਈ ਨਿਕਲਿਆ। ਓੜਕ ਇਹ ਸੋਚਿਆ ਕਿ ਤੁਸੀਂ ਅਮੀਰ ਓ, ਦੋ ਚਾਰ ਰੁਪਿਆਂ ਦੀ ਤੁਹਾਨੂੰ ਕੀ ਪਰਵਾਹ ਏ! ਤੁਹਾਡੇ ਕੋਲੋਂ ਕੱਢ ਤੇ ਦਵਾ ਦਾਰੂ ਈ ਲੈ ਆਵਾਂ, ਤਾਂ ਕੀ ਹਰਜ਼ ਏ ? ਮਰਦਾ ਕੀ ਨਹੀਂ ਕਰਦਾ ? ਮਜਬੂਰੀ ਨਾਲ ਝੂਠ ਬੋਲਿਆ। ਤੇ ਬੇਈਮਾਨੀ ਵੀ ਕੀਤੀ! ਬੱਸ ਇਹੋ ਮੇਰਾ ਜੁਰਮ ਏ।

**ਤੀਵੀਂ-** ਤੁਸੀਂ (ਮੈਨੇਜਰ ਨੂੰ) ਤੁਸੀਂ ਇਹਨਾਂ ਦੀਆਂ ਤਨਖਾਹਾਂ ਕਿਉਂ ਨਹੀਂ ਵਧਾਉਂਦੇ ਜੀ ? ਕੀ ਕਰਨ ਵਿਚਾਰੇ ਭੁੱਖੇ ਮਰ ਜਾਣ ?

**ਮੋਟਰ ਵਾਲਾ-** ਛੱਡੋ ਜੀ, ਤੁਸੀਂ ਕਿਸ ਬੇਈਮਾਨ ਦੀ ਵਕਾਲਤ ਕਰਨ ਲਗ ਪਏ ਓ ?

**ਮੈਨੇਜਰ-** ਇਹਨਾਂ ਬੇਈਮਾਨਾਂ ਈ ਸਾਨੂੰ ਬਦਨਾਮ ਕੀਤਾ ਹੋਇਆ ਏ।

**ਬਸੰਤ ਰਾਮ-** ਮਾਫ਼ ਕਰਨਾ, ਜਨਾਬ, ਸਾਡੀਆਂ ਬੇਈਮਾਨੀਆਂ ਤੁਹਾਨੂੰ ਬੜੀ ਛੇਤੀ ਦਿੱਸ ਪੈਂਦੀਆਂ ਹਨ, ਪਰ ਕਦੀ ਆਪਣੀ ਮੰਜੀ ਹੇਠ ਵੀ ਸੋਟਾ ਫੇਰ ਕੇ ਵੇਖਿਆ ਜੇ ? ਅਸੀਂ ਵੀ ਜਾਣਨੇ ਆਂ ਜੋ ਕੁੱਝ ਏਥੇ ਹੁੰਦਾ ਰਹਿੰਦਾ ਏ, ਅਸੀਂ ਅੰਨ੍ਹੇ ਨਹੀਂ। ਪਰ ਗੱਲ ਏਨੀ ਏ ਪਈ ਤੁਹਾਨੂੰ ਪੁੱਛਣ ਵਾਲਾ ਕੋਈ ਨਹੀਂ।

**ਮੈਨੇਜਰ-** (ਕੜਕ ਕੇ) ਜ਼ਬਾਨ ਬੰਦ ਕਰੋ, ਬੇਈਮਾਨ, ਔਰ ਚਲੇ ਜਾਓ ਯਹਾਂ ਸੇ। ਦਫ਼ਾ ਹੋ ਜਾਓ।

**ਮੋਟਰ ਵਾਲਾ-** ਬੜਾ ਮੂੰਹ-ਫੱਟ ਏ, ਬੇਈਮਾਨ ਇਹ। ਮਿਸਤਰੀ ਏ ਕਿ ਬਲਾ। ਤੁਸੀਂ ਰੱਖਿਆ ਕਿੱਦਾਂ ਹੋਇਆ ਏ ਇਸ ਨੂੰ ?

**ਮੈਨੇਜਰ-** ਕੀ ਪੁੱਛਦੇ ਓ ਜਨਾਬ, ਸਾਨੂੰ ਤਰਸ ਮਾਰਦਾ ਏ, ਨਹੀਂ ਤਾਂ ਇਨ੍ਹਾਂ ਨਾ ਸ਼ੁਕਰਿਆਂ ਨੂੰ ......

**ਬਸੰਤ ਰਾਮ-** ਮੇਰੇ ਉੱਤੇ ਬੜਾ ਤਰਸ ਕੀਤਾ ਜੇ। ਮੇਰੇ ਵਿਲਕਦਿਆਂ ਬੱਚਿਆਂ ਦੇ ਮੂੰਹੋਂ ਰੋਟੀ ਖੋਹ ਲਈ ਜੇ।

**ਤੀਵੀਂ-** ਤੁਸੀਂ, ਮੈਨੇਜਰ ਸਾਹਿਬ, ਕੱਢੋ ਨਾ ਇਹਨੂੰ, ਵਿਚਾਰਾ ਕੀ ਕਰੇਗਾ ?

**ਮੋਟਰ ਵਾਲਾ-** ਤੁਸੀਂ ਚੁੱਪ ਰਹੋ ਜੀ।

**ਮੈਨੇਜਰ-** ਵੇਖੋ ਤਾਂ ਸਹੀ ਬੀਬੀ ਜੀ, ਗਜ਼ ਭਰ ਲੰਮੀ ਤਾਂ ਜ਼ਬਾਨ ਏ ਬੇਈਮਾਨ ਦੀ।

**ਬਸੰਤ ਰਾਮ-** ਕੱਟ ਸੁੱਟੋ ਕੈਂਚੀ ਨਾਲ ਫੇਰ, ਮੇਰਾ ਤਾਂ ਲੂੰ ਲੂੰ ਕੂਕੇਗਾ ਤੁਸੀਂ ਵੀ ਬੇਈਮਾਨ ਓ, ਬੇਈਮਾਨ ਓ, ਬੇਈਮਾਨ ਓ, ਝੂਠੇ ਬਿਲ ਬਣਾਉਂਦੇ ਓ ਤੇ ਲੁੱਟ ਲੁੱਟ ਖਾਂਦੇ ਓ।
(ਇਸ ਵੇਲੇ ਇੱਕ ਆਦਮੀ ਸੂਟ ਬੂਟ ਕੱਸੀ ਆਉਂਦਾ ਹੈ। ਇਹ ਬੀਮਾ ਕੰਪਨੀ ਦਾ ਮੈਨੇਜਰ ਹੈ।)

**ਬੀਮਾ ਮੈਨੇਜਰ-** ਹੌਲੇ ਮੈਨੇਜਰ ਸਾਹਿਬ, ਮੁਆਫ ਕਰਨਾ, ਇਹ ਜਿਹੜਾ ਤੁਸੀਂ ਬਤਰਾ ਸਾਹਿਬ ਦੀ ਮੋਟਰ ਮੁਰੰਮਤ ਦਾ ਬਿਲ ਭੇਜਿਆ ਸੀ, ਉਸ ਦੇ ਮੁਤੱਲਿਕ ਸਾਡੇ ਹੈਡ ਆਫਿਸ ਤੋਂ ਮੁੜ ਪੁੱਛ-ਗਿੱਛ ਹੋਈ ਹੈ ਤੇ ਮੈਂ ਜ਼ਰਾ ਪਤਾ ਕਰਨਾ ਸੀ।

**ਮੈਨੇਜਰ-** ਕੀ ਗੱਲ ਏ ? ਮੈਂ ਸਮਝਿਆ ਨਹੀਂ।
(ਜ਼ਰਾ ਘਬਰਾ ਜਾਂਦਾ ਹੈ)

**ਬੀਮਾ ਮੈਨੇਜਰ-** ਗੱਲ ਏਨੀ ਹੈ ਕਿ ਜਿਹੜਾ ਤੁਸੀਂ 649 ਦਾ ਬਿੱਲ ਬਤਰਾ ਸਾਹਿਬ ਦੀ ਮੋਟਰ ਨੂੰ ਹਾਦਸਾ ਹੋਣ ਦੇ ਮੁਤੱਲਿਕ ਭੇਜਿਆ ਸੀ, ਉਹਦੇ ਬਾਰੇ ਮੈਂ ........

**ਮੈਨੇਜਰ-** ਹੱਛਾ! ਹੱਛਾ! ਉਹਦੇ ਮੁਤੱਲਿਕ ? ਇਸ ਵੇਲੇ ਮੈਂ ਬੜਾ ਰੁੱਝਿਆ ਹੋਇਆ ਆਂ। ਮੈਂ ਕੱਲ੍ਹ ਆਪ

ਜੀ ਦੇ ਦਫ਼ਤਰ ਹਾਜ਼ਰ ਹੋਵਾਂਗਾ ਤੇ ਸਾਰੀ ਗੱਲ ਸਮਝਾਵਾਂਗਾ।

**ਬੀਮਾ ਮੈਨੇਜਰ-** ਜ਼ਰੂਰ ਆਉਣਾ, ਨਹੀਂ ਤਾਂ ਮੈਨੂੰ ਫੇਰਾ ਪਏਗਾ।

**ਮੈਨੇਜਰ-** ਫਿਕਰ ਨਾ ਕਰੋ। ਮੈਂ ਤੁਹਾਡੀ ਪੂਰੀ ਤਸੱਲੀ ਕਰਾਂਗਾ।
(ਬੀਮਾ ਮੈਨੇਜਰ ਚਲਾ ਜਾਂਦਾ ਹੈ)

**ਬਸੰਤ ਰਾਮ-** (ਬਣਾਉਟੀ ਹਾਸੇ ਨਾਲ) ਜਨਾਬ, ਮੈਂ ਵੀ ਨਾਲ ਚੱਲਾਂਗਾ ਸਮਝਾਉਣ ਲਈ। ਡਾਈਨਮੋ ਦੀ ਮੁਰੰਮਤ ਮੈਂ ਹੀ ਕੀਤੀ ਸੀ, ਸਗੋਂ ਨਵਾਂ ਪਾਇਆ ਸੀ।

**ਮੋਟਰ ਵਾਲਾ-** ਮੈਨੇਜਰ ਸਾਹਿਬ, ਹੈ ਤਾਂ ਗੁਸਤਾਖੀ ਪਰ ਮੇਰੀ ਸਲਾਹ ਮੰਨੋ ਤਾਂ, ਜੋ ਜੋ ਬੇਈਮਾਨ ਮਿਸਤਰੀ ਏ ਉਸ ਨੂੰ ਚੁਣ-ਚੁਣ ਕੇ ਕੱਢ ਦਿਓ, ਨਹੀਂ ਤਾਂ ਤੁਹਾਡੇ ਵਰਕਸ਼ਾਪ ਦੀ ਬੜੀ ਬਦਨਾਮੀ ਹੋ ਜਾਏਗੀ।

**ਬਸੰਤ ਰਾਮ-** ਜਨਾਬ ਨੇ ਬੜੀ ਸੋਹਣੀ ਸਲਾਹ ਦਿੱਤੀ ਏ। ਸਗੋਂ ਜਨਾਬ ਤਾਂ ਸੁਖ ਨਾਲ ਕੋਈ ਅਫ਼ਸਰ ਜਾਪਦੇ ਓ, ਇੱਕ ਗਵਰਨਮੈਂਟੀ ਹੁਕਮ ਕਢਾ ਦਿਉ ਪਈ ਮਿਸਤਰੀਆਂ ਦਾ ਹਵਾ-ਪਾਣੀ ਬੰਦ ਤੇ ਬੜਾ ਈ ਚੰਗਾ ਹੋਵੇ। ਆਪੇ ਮਰ ਜਾਣਗੇ। ਨਾਂ ਰਹਿਣਗੇ ਮਿਸਤਰੀ, ਨਾਂ ਹੋਵੇਗੀ ਬੇਈਮਾਨੀ।

**ਮੋਟਰ ਵਾਲਾ-** ਬੱਸ ਮੈਨੇਜਰ ਸਾਹਿਬ, ਹੱਦ ਹੋ ਗਈ, ਹੁਣ ਇਜਾਜ਼ਤ ਦਿਓ। ਹੁਣ ਹੋਰ ਠਹਿਰਨਾ ਮੁਹਾਲ ਏ (ਆਪਣੀ ਬੀਵੀ ਨੂੰ) ਆਉ ਜੀ ਚੱਲੋ।

**ਮੈਨੇਜਰ-** (ਮਿਸਤਰੀ ਨੂੰ) ਬੰਦ ਕਰੋ ਜ਼ਬਾਨ ਬੇਈਮਾਨ, ਗੁਸਤਾਖ, ਔਰ ਦਫ਼ਾ ਹੋ ਜਾਓ ਯਹਾਂ ਸੇ (ਮੋਟਰ ਵਾਲੇ ਨੂੰ) ਮੈਂ ਜਨਾਬ ਤੋਂ ਬੜਾ ਸ਼ਰਮਿੰਦਾ ਹਾਂ, ਪਰ ਤੁਸਾਂ ਨਾਰਾਜ਼ ਨਾ ਹੋਣਾ। ਇਸ ਬੇਈਮਾਨ ਵਾਲਾ ਕੰਡਾ ਮੈਂ ਪੱਕਾ ਕੱਢ ਛੱਡਿਆ ਏ। ਮੁੜ ਤੁਸੀਂ ਇਸ ਨੂੰ ਇੱਥੇ ਨਹੀਂ ਵੇਖੋਗੇ। ਜੋ ਤਕਲੀਫ ਆਪ ਨੂੰ ਹੋਈ ਏ, ਉਹਦੇ ਲਈ ਬਹੁਤ ਮਾਫ਼ੀ ਮੰਗਦਾ ਆਂ।

(ਮੋਟਰ ਵਾਲਾ ਤੇ ਉਹਦੀ ਤੀਵੀਂ ਜਾਣ ਲਗਦੇ ਹਨ ਪਰ ਉਸ ਵੇਲੇ ਇੱਕ ਪੁਲਿਸ ਇੰਨਸਪੈਕਟਰ ਅੱਗੋਂ ਮਿਲਦਾ ਹੈ, ਪਰ ਉਹ ਬਾਹਰ ਨਿਕਲ ਜਾਂਦੇ ਹਨ)

**ਇੰਸਪੈਕਟਰ-** ਮੁਆਫ ਕਰਨਾ, ਰਾਇ ਸਾਹਿਬ ਜਵਾਲਾ ਦਾਸ ਇੱਥੇ ਆਏ ਸਨ ?

**ਮੈਨੇਜਰ-** ਫਰਮਾਓ ਕੀ ਗੱਲ ਏ ? ਉਹ ਹੁਣੇ ਹੀ ਨਿਕਲੇ ਹਨ, ਅਜੇ ਏਥੇ ਈ ਹੋਣਗੇ, ਬੁਲਾਵਾਂ, ਅਗਰ ਲੋੜ ਹੋਵੇ ਤਾਂ ? ਤਸ਼ਰੀਫ ਰੱਖੋ।

**ਇੰਸਪੈਕਟਰ-** ਹਾਂ, ਹਾਂ ਮਿਹਰਬਾਨੀ, ਉਨ੍ਹਾਂ ਨੂੰ ਜ਼ਰਾ ਆਵਾਜ਼ ਦਿਓ। ਜ਼ਰੂਰੀ ਕੰਮ ਹੈ। (ਮੈਨੇਜਰ ਦਰਵਾਜ਼ੇ ਕੋਲ ਆ ਕੇ ਆਵਾਜ਼ ਦੇਂਦਾ ਹੈ "ਰਾਇ ਸਾਹਿਬ, ਰਾਇ ਸਾਹਿਬ, ਜ਼ਰਾ ਤਸ਼ਰੀਫ ਲਿਆਉਣਾ, ਇੱਕ ਮਿੰਟ ਲਈ ਸਿਰਫ, ਮੋਟਰ ਵਾਲਾ ਆਉਂਦਾ ਹੈ)

**ਮੋਟਰ ਵਾਲਾ-** ਬਈ ਮੈਨੇਜਰ ਸਾਹਿਬ, ਬਹੁਤ ਦੇਰ ਹੋ ਗਈ ਏ, ਅੱਗੇ ਈ, ਦੱਸੋ।

**ਮੈਨੇਜਰ-** ਇੰਸਪੈਕਟਰ ਸਾਹਿਬ ਆਪ ਜੀ ਨੂੰ ਯਾਦ ਫਰਮਾਉਂਦੇ ਸਨ।

**ਇੰਸਪੈਕਟਰ-** ਆਦਾਬ ਅਰਜ਼। ਅੱਜ ਤਾਂ ਬੜੀ ਈ ਤਲਾਸ਼ ਕੀਤੀ ਜਨਾਬ ਦੀ। ਸ਼ੁਕਰ ਹੈ ਲੱਭਦੇ ਲੱਭਦੇ ਅਖੀਰ ਤੁਹਾਨੂੰ ਆਣ ਈ ਮਿਲੇ।

**ਮੋਟਰ ਵਾਲਾ-** ਹਾਂ, ਹਾਂ, ਕੀ ਕੰਮ ਏ, ਫਰਮਾਓ, ਤੁਹਾਨੂੰ ਬੜੀ ਤਕਲੀਫ ਹੋਈ ਹੈ।

**ਇੰਸਪੈਕਟਰ-** ਨਹੀਂ, ਨਹੀਂ, ਸਾਡਾ ਤਾਂ ਇਹ ਰੋਜ਼ ਦਾ ਕੰਮ ਹੈ (ਇੱਕ ਕਾਗਜ਼ ਜੇਬ ਵਿੱਚੋਂ ਕੱਢ ਕੇ) ਮੁਆਫ ਕਰਨਾ, ਇਹ ਵਾਰੰਟ ਹੈ ਤੁਹਾਡੀ...

**ਮੋਟਰ ਵਾਲਾ-** (ਘਬਰਾ ਕੇ ਤੇ ਵਿੱਚੋਂ ਗੱਲ ਟੁੱਕ ਕੇ) ਵਾਰੰਟ ਹੈ ਮੇਰੀ, ਗਿਰਫ਼ਤਾਰੀ ਦਾ ?

**ਇੰਸਪੈਕਟਰ-** ਨਹੀਂ, ਨਹੀਂ, ਆਪ ਦੀ ਗਿਰਫਤਾਰੀ ਦਾ ਨਹੀਂ, ਸਿਰਫ ਆਪ ਦੀ ਮੋਟਰ ਦੇ ਕਬਜ਼ੇ ਦਾ (ਸੀਟੀ ਮਾਰ ਕੇ, "ਡਰਾਈਵਰ, ਡਰਾਈਵਰ" ਇੱਕ ਪੁਲਿਸ ਦੀ ਵਰਦੀ ਪਾਈ ਡਰਾਈਵਰ ਆਉਂਦਾ ਹੈ) ਦੇਖੋ, ਰਾਇ ਸਾਹਿਬ ਕੀ ਗਾੜੀ ਮੇਂ ਬੈਠੋ, ਰਾਇ ਸਾਹਿਬ, ਮਿਹਰਬਾਨੀ ਕਰਕੇ ਗਾੜੀ ਕੀ ਚਾਬੀ ਦੇ ਦੀਜੀਏ।

**ਮੋਟਰ ਵਾਲਾ-** ਆਖ਼ਿਰ ਬਾਤ ਕਿਆ ਹੈ, ਹੂਆ ਕਿਆ ਹੈ, ਮੇਰੀ ਗਾੜੀ ਆਪ ਕਿਉਂ ਲੇ ਜਾ ਰਹੇ ਹੋ ?

**ਇੰਸਪੈਕਟਰ-** ਖੁਫ਼ੀਆ ਪੁਲਿਸ ਕੋ ਇਤਲਾਹ ਮਿਲੀ ਹੈ ਕਿ ਗਾੜੀ ਆਪ ਨੇ ਰਿਸ਼ਵਤ ਮੇਂ ਲੀ ਹੈ। ਮਜ਼ੀਦ ਤਫ਼ਤੀਸ਼ ਜਾਰੀ ਹੈ, ਫਿਲਹਾਲ ਗਾੜੀ ਆਪ ਕੀ, ਪੁਲਿਸ ਕੇ ਕਬਜ਼ੇ ਮੇਂ ਰਹੇਗੀ।

**ਬਸੰਤ ਰਾਮ-** ਜਨਾਬ, ਉਸ ਦਾ ਡਿੱਪਰ (Dipper) ਮੈਂ ਮੁਰੰਮਤ ਕੀਤਾ ਏ।

**ਮੋਟਰ ਵਾਲਾ-** ਚੁੱਪ ਬੇਈਮਾਨ
(ਮੋਟਰ ਵਾਲੇ ਦੇ ਆਖ਼ਰੀ ਸ਼ਬਦ ਬੋਲਦਿਆਂ ਹੀ ਝਟ-ਪੱਟ ਪਰਦਾ ਡਿੱਗਦਾ ਹੈ।)

## 18.7 'ਬੇਈਮਾਨ' ਇਕਾਂਗੀ ਦਾ ਕਲਾ ਪੱਖ

ਨੰਦਾ ਹੋਰਾਂ ਆਪ ਹੀ 'ਬੇਈਮਾਨ' ਇਕਾਂਗੀ ਦੀ ਭੂਮਿਕਾ ਵਿੱਚ ਕੁਝ ਅਜਿਹੀ ਜਾਣਕਾਰੀ ਦਿੱਤੀ ਹੈ ਜੋ ਦਿਲਚਸਪ ਵੀ ਹੈ ਤੇ ਇਸ ਇਕਾਂਗੀ ਦੇ ਕਲਾ-ਪੱਖ ਨੂੰ ਸਮਝਣ-ਸਲਾਹੁਣ ਵਿੱਚ ਵੀ ਮਦਦ ਕਰਦੀ ਹੈ। ਇਸ ਇਕਾਂਗੀ ਦੇ ਜਨਮ ਲੈਣ ਬਾਰੇ ਨੰਦਾ ਹੋਰੀਂ ਲਿਖਦੇ ਹਨ :

> "ਬੇਈਮਾਨ ਦੀ ਕਹਾਣੀ ਕੁੱਝ ਨਾ ਕੁੱਝ ਇੱਕ ਆਪਬੀਤੀ ਹੈ।.........ਜੇ...... ਮਿਸਤਰੀ ਮੇਰੇ ਨਾਲ ਚਲਾਕੀ ਨਾ ਕਰਦਾ ਤੇ ਮੇਰੇ ਕੋਲੋਂ ਫ਼ਰੇਬ ਨਾਲ ਵਾਧੂ ਰੁਪਏ ਮਾਠਣ ਦੀ ਵਿਅਰਥ ਕੋਸ਼ਿਸ਼ ਨਾ ਕਰਦਾ ਤਾਂ ਇਸ ਨਾਟਕ ਦੇ ਲਿਖਣ ਦਾ ਮੈਨੂੰ ਖ਼ਿਆਲ ਵੀ ਸ਼ਾਇਦ ਨਾ ਆਉਂਦਾ।"[1]

ਨੰਦਾ ਹੋਰੀਂ ਅੱਗੇ ਜਾ ਕੇ ਦੱਸਦੇ ਹਨ ਕਿ ਉਨ੍ਹਾਂ ਦੇ ਸ਼ਿਕਾਇਤ ਕਰਨ ਉੱਤੇ ਮਿਸਤਰੀ ਨੂੰ ਨੌਕਰੀਓਂ ਜਵਾਬ ਦੇ ਦਿੱਤਾ ਗਿਆ ਸੀ। ਇਸ ਦਾ ਉਨ੍ਹਾਂ ਦੇ ਮਨ ਉੱਤੇ ਮਾੜਾ ਪ੍ਰਭਾਵ ਪਿਆ। ਇਸ ਬਾਰੇ ਲਿਖਦੇ ਹਨ:

> "ਇਹਦਾ ਮੈਨੂੰ ਢੇਡਾ ਦੁੱਖ ਹੋਇਆ ਜੁ ਮੈਂ ਇੱਕ ਤਰ੍ਹਾਂ ਪਸ਼ਚਾਤਾਪ ਕਰਨ ਲਈ ਇਹ ਨਾਟਕ ਲਿਖ ਕੇ ਆਪਣੇ ਜੀ ਨੂੰ ਠੰਢਾ ਕੀਤਾ।"[2]

ਪਹਿਲੀ ਗੱਲ ਇਹ ਕਿ ਇਕਾਂਗੀ ਸੱਚੀ ਘਟਨਾ ਉੱਪਰ ਆਧਾਰਿਤ ਹੈ। ਦੂਜੇ, ਕਾਫ਼ੀ ਹੱਦ ਤੀਕ ਇਹ ਲੇਖਕ ਦੀ ਆਪਬੀਤੀ ਹੈ। ਦੋਹਾਂ ਹਾਲਤਾਂ ਵਿੱਚ ਇਕਾਂਗੀ ਦੀਆਂ ਜੜ੍ਹਾਂ ਯਥਾਰਥ ਵਿੱਚ ਹਨ, ਨਿਸ਼ਚੇ ਹੀ, ਕਲਾ ਨੂੰ ਸਾਰਥਿਕ ਬਣਾਉਣ ਵਿੱਚ ਮਦਦ ਦੇਂਦਾ ਹੈ।

ਲੇਖਕ ਨੇ ਇਸ ਇਕਾਂਗੀ ਦੇ ਲਿਖੇ ਜਾਣ ਬਾਰੇ ਵੀ ਬੜੇ ਪਤੇ ਦੀ ਗੱਲ ਦੱਸੀ ਹੈ। ਉਸ ਨੇ ਲਿਖਿਆ ਹੈ:

> "ਪਹਿਲਾਂ ਪਹਿਲ ਮੈਂ ਇਸ ਨੂੰ ਉਰਦੂ ਵਿੱਚ ਲਿਖਿਆ ਸੀ - ਇਸ ਖਿਆਲ ਨਾਲ ਕਿ ਸ਼ਾਇਦ ਮਿਸਤਰੀ ਦੀ ਆਵਾਜ਼ ਬਹੁਤ ਸਾਰੇ ਕੰਨਾ ਤੱਕ ਪਹੁੰਚ ਸਕੇ ਪਰ ਉਰਦੂ ਮੇਰੀ ਆਪਣੀ ਜ਼ਬਾਨ ਨਹੀਂ, ਉਹਦੇ ਵਿੱਚ ਕਿਤਾਬੀ ਰੰਗ ਗੂੜ੍ਹਾ ਸੀ। ਪਰ ਜ਼ਬਾਨ ਦੇ ਮਚਾਕੇ ਉੱਕੇ ਹੀ ਗਾਇਬ। ਮੈਂ ਮੁੜ ਇਹਨੂੰ ਆਪਣੀ ਮਾਤ ਭਾਸ਼ਾ ਪੰਜਾਬੀ ਵਿੱਚ ਲਿਖਿਆ ਤਾਂ ਕੁੱਝ ਮਜ਼ਾ ਆਇਆ।"[3]
>
> ਹੁਣ ਗੱਲ ਜ਼ਬਾਨ ਦੀ ਤੁਰੀ ਹੈ - ਲੇਖਕ ਦੇ ਲਿਖਣ ਦੀ ਜ਼ਬਾਨ। ਇੱਥੇ ਧਿਆਨ, ਆਪ ਮੁਹਾਰੇ, ਬਲਵੰਤ ਗਾਰਗੀ ਵੱਲ ਚਲਾ ਜਾਂਦਾ ਹੈ। ਬਲਵੰਤ ਗਾਰਗੀ ਨੇ ਆਪਣੀਆਂ ਕੁੱਝ ਲਿਖਤਾਂ ਡਾ. ਰਾਬਿੰਦਰ ਨਾਥ ਟੈਗੋਰ ਨੂੰ ਰਾਏ ਲਈ ਦਿੱਤੀਆਂ। ਗੁਰਦੇਵ ਟੈਗੋਰ ਨੇ ਉਨ੍ਹਾਂ ਨੂੰ ਪੁੱਛ ਲਿਆ ਕਿ ਕਿਹੜੀ ਜ਼ਬਾਨ ਵਿੱਚ ਲਿਖੀਆਂ ਹਨ। ਬਲਵੰਤ ਗਾਰਗੀ ਨੇ ਦੱਸਿਆ ਕਿ ਅੰਗਰੇਜ਼ੀ ਵਿੱਚ ਹਨ। ਗੁਰਦੇਵ ਨੇ ਫਿਰ ਪੁੱਛਿਆ ਕਿ "ਮੇਰੀ ਮਾਂ-ਬੋਲੀ ਕਿਹੜੀ ਹੈ ?" ਬਲਵੰਤ ਨੇ ਕਿਹਾ, ਪੰਜਾਬੀ। ਗੁਰਦੇਵ ਨੇ ਕਿਹਾ, "ਆਪਣੀ ਮਾਂ-ਬੋਲੀ ਵਿੱਚ ਹੀ ਲਿਖ"। ਉਦੋਂ ਦਾ ਬਲਵੰਤ ਗਾਰਗੀ ਪੰਜਾਬੀ ਵਿੱਚ ਲਗਾਤਾਰ ਲਿਖਦਾ ਆ ਰਿਹਾ ਹੈ। ਬੰਦਾ ਮਾਂ-ਬੋਲੀ ਵਿੱਚ ਹੀ ਸਿਰਜਨ ਦੀਆਂ ਉਚਾਈਆਂ ਨੂੰ ਛੂਹ ਸਕਦਾ ਹੈ।

ਆਪਾਂ ਗੱਲ ਇਕਾਂਗੀ ਦੇ ਸਿਰਲੇਖ ਤੋਂ ਹੀ ਸ਼ੁਰੂ ਕਰਦੇ ਹਾਂ। ਸਿਰਲੇਖ 'ਬੇਈਮਾਨ' ਹੈ। ਇਕਾਂਗੀ ਵਿੱਚ ਸਾਰਾ ਜ਼ੋਰ ਬੇਈਮਾਨੀ ਉੱਤੇ ਦਿੱਤਾ ਗਿਆ ਹੈ। ਮਿਸਤਰੀ ਬਸੰਤ ਰਾਮ ਨੂੰ ਬੇਈਮਾਨ ਦੱਸ ਕੇ ਉਸ ਬਾਰੇ ਤ੍ਰਿਸਕਾਰ ਪੱਕਾ ਕੀਤਾ ਗਿਆ ਹੈ। ਕਿਉਂ ਜੋ, ਉਸ ਨੇ ਮੋਟਰ ਵਾਲੇ ਕੋਲੋਂ ਬੇਈਮਾਨੀ ਨਾਲ ਪੈਸੇ ਮਾਠਣ ਦਾ ਜਤਨ ਕੀਤਾ। ਬਸੰਤ ਰਾਮ ਨੇ ਮੋਟਰ ਵਾਲੇ ਦਾ ਹੀ ਡਿੱਪਰ ਸਾਫ਼ ਕਰਕੇ ਗੱਡੀ ਵਿੱਚ ਫਿਟ ਕਰ ਦਿੱਤਾ ਪਰ ਉਸ ਨੂੰ ਯਕੀਨ ਇਹੀ ਦਿਵਾਇਆ ਕਿ ਉਸ ਨੇ ਨਵਾਂ ਡਿੱਪਰ ਫ਼ਿਟ ਕਰ ਦਿੱਤਾ ਹੈ। ਪਰ, ਮਿਸਤਰੀ ਬਸੰਤ ਰਾਮ ਡਿੱਪਰ ਦਾ ਮੁੱਲ ਲੈਣ ਦੀ ਥਾਂ, 'ਇਨਾਮ' ਨਾਲ ਹੀ ਕੰਮ ਸਾਰਨ ਦੀ ਇੱਛਾ ਪ੍ਰਗਟਾਉਂਦਾ ਹੈ। ਮੋਟਰ ਵਾਲੇ ਦੇ ਸ਼ਿਕਾਇਤ ਕਰਨ ਉੱਤੇ ਤੇ ਮੈਨੇਜਰ ਦੀ ਪੁੱਛ-ਪੜਤਾਲ ਉਪਰੰਤ ਮਿਸਤਰੀ ਬਸੰਤ ਰਾਮ ਦਾ ਸਾਰਾ ਪਾਜ ਖੁੱਲ੍ਹ ਜਾਂਦਾ ਹੈ। ਇਹ ਇੱਕ ਪਹਿਲੂ ਹੈ ਬੇਈਮਾਨੀ ਦਾ। ਅੱਗੇ ਜਾ ਕੇ ਪਤਾ ਲਗਦਾ ਹੈ ਕਿ ਮੋਟਰ ਦੇ ਮਾਲਕ ਰਾਇ ਸਾਹਿਬ ਜਵਾਲਾ ਦਾਸ ਨੇ ਖ਼ੁਫ਼ੀਆ ਪੁਲਿਸ ਦੀ ਇਤਲਾਹ ਦੇ ਮੁਤਾਬਕ, ਇੱਕ ਮੋਟਰ ਰਿਸ਼ਵਤ ਵਿੱਚ ਲਈ ਸੀ। ਬੇਈਮਾਨੀ ਦਾ ਪਾਤਰ ਮਿਸਤਰੀ ਦੀ ਥਾਂ ਰਾਏ ਸਾਹਿਬ ਬਣ ਜਾਂਦਾ ਹੈ। ਇਕਾਂਗੀ ਤੇ ਨਿੱਕੀ ਕਹਾਣੀ ਦੀ ਪਰਿਭਾਸ਼ਾ ਕਰਦਿਆਂ ਅਸੀਂ ਤੁਹਾਨੂੰ ਦੱਸਿਆ ਸੀ ਕਿ ਪਾਤਰਾਂ ਦੀ ਗਿਣਤੀ ਕੋਈ ਨਿਰਣਾਇਕ ਕਸਵੱਟੀ ਨਹੀਂ। ਪਰ, ਪਾਤਰਾਂ ਦਾ ਹੋਣਾ ਤਾਂ ਜ਼ਰੂਰੀ ਹੈ। ਸਗੋਂ ਪਾਤਰਾਂ ਬਿਨਾ ਨਾ ਤਾਂ ਕਹਾਣੀ ਉਸਾਰੀ ਜਾ ਸਕਦੀ ਹੈ ਅਤੇ ਨਾ ਹੀ ਇਕਾਂਗੀ ਦੀ ਸਿਰਜਨਾ ਸੰਭਵ ਹੈ। ਇਸੇ ਲਈ ਅਸੀਂ ਗੱਲ ਪਾਤਰ ਤੋਂ ਸ਼ੁਰੂ ਕੀਤੀ ਸੀ। ਪਾਤਰ ਰਾਹੀਂ ਹੀ ਤਾਂ ਨਾਟਕਕਾਰ ਨੇ ਆਪਣੀ ਗੱਲ ਨੂੰ ਨਾਟਕੀ ਰੂਪ ਦੇਣਾ ਹੁੰਦਾ ਹੈ। ਇਸ ਇਕਾਂਗੀ ਦੀ ਪਾਤਰ ਉਸਾਰੀ ਦੀ ਖੂਬੀ ਇਹ ਹੈ ਕਿ ਖਿਆਲ ਇੱਕੋ ਹੈ—ਬੇਈਮਾਨੀ, ਪਰ ਪਾਤਰ ਬਦਲ ਜਾਂਦੇ ਹਨ। ਕਦੀ ਮਿਸਤਰੀ ਬਸੰਤ ਰਾਮ ਬੇਈਮਾਨੀ ਕਰਦਾ ਹੈ ਤੇ ਕਦੀ ਰਾਏ ਸਾਹਿਬ ਜਵਾਲਾ ਦਾਸ ਉੱਤੇ ਬੇਈਮਾਨ ਹੋਣ ਦੀ ਤੁਹਮਤ ਲਗਦੀ ਹੈ। ਅਰਥਾਤ ਛੋਟੇ-ਵੱਡੇ ਸਾਰੇ ਹੀ ਬੇਈਮਾਨ ਹਨ। ਫਿਰ, ਸਿਰਫ ਛੋਟਿਆਂ ਨੂੰ ਹੀ ਕਿਉਂ ਨਿੰਦਿਆ-ਭੰਡਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਦੋਸ਼ੀ ਕਰਾਰ ਦੇ ਕੇ ਉਨ੍ਹਾਂ ਨੂੰ ਸਜਾਵਾਂ ਦਿੱਤੀਆਂ ਜਾਂਦੀਆਂ ਹਨ। ਇਹੀ ਧਾਰਨਾ ਨੰਦਾ ਸਾਹਿਬ ਨੇ ਇਸ ਇਕਾਂਗੀ ਦੀ ਭੂਮਿਕਾ ਵਿੱਚ ਇਨ੍ਹਾਂ ਲਫ਼ਜ਼ਾਂ ਵਿੱਚ ਪੇਸ਼ ਕੀਤੀ ਹੈ :

---

1 **ਈਸ਼ਵਰ ਚੰਦਰ ਨੰਦਾ, ਝਲਕਾਰੇ** (ਬੇਈਮਾਨ ਦੀ ਭੂਮਿਕਾ ਵਿੱਚੋਂ) ਪੰਨਾ 110
2 -ਉਹੀ- ਪੰਨਾ 111
3 -ਉਹੀ- ਪੰਨਾ 112

> "....ਸੱਚ ਇਹ ਹੈ ਕਿ ਆਪਣੇ ਕਾਰ-ਵਿਹਾਰ ਵਿੱਚ ਅਸੀਂ ਸਾਰੇ ਹੀ, ਕੀ ਗਰੀਬ ਤੇ ਕੀ ਅਮੀਰ, ਬੇਈਮਾਨੀ ਦੀ ਘੁੰਮਣ-ਘੇਰੀ ਵਿੱਚ ਫਸੇ ਹੋਏ ਹਾਂ। ਹਰ ਕੋਈ ਦੂਜਿਆਂ ਨੂੰ ਬੇਈਮਾਨੀ ਦਾ ਮਿਹਣਾ ਦੇਣ ਨੂੰ ਤਿਆਰ ਹੈ ਪਰ ਆਪਣੀ ਮੰਜੀ ਹੇਠ ਸੋਟਾ ਫੇਰਨ ਦਾ ਸਾਹਸ ਕਿਸੇ ਨੂੰ ਨਹੀਂ ਹੁੰਦਾ। ਫੇਰ ਹੋਰ ਗੱਲ ਵੀ ਹੈ ਕਿ ਜੇ ਕੋਈ ਗਰੀਬ ਬੇਈਮਾਨੀ ਕਰਦਾ ਹੈ ਤਾਂ ਛੋਟੀ-ਮੋਟੀ ਭਭੂਨੀ ਜੇਹੀ। ਪਰ ਅਮੀਰਾਂ ਵੱਲ ਵੇਖੋ, ਉਨ੍ਹਾਂ ਦੀ ਹਰੇਕ ਗੱਲ ਅਮੀਰਾਂ ਵਾਲੀ ਹੈ। ਬੇਈਮਾਨੀ ਵੀ ਕਰਨਗੇ ਤੇ ਰੱਜ ਕੇ, ਢਿੱਡ ਭਰ ਕੇ।" [4]

ਇਹੀ ਵਿਚਾਰ ਨਾਟਕਕਾਰ ਨੇ ਮਿਸਤਰੀ ਬਸੰਤ ਰਾਮ ਦੀ ਜ਼ਬਾਨੀ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਇਨ੍ਹਾਂ ਲਫਜ਼ਾਂ ਵਿੱਚ ਪੇਸ਼ ਕੀਤੇ ਗਏ ਹਨ

> ".... ਪਰ ਇਹ ਵੱਡੇ-ਵੱਡੇ ਕਾਰਖਾਨੇ, ਇਹ ਸ਼ਾਨਦਾਰ ਇਮਾਰਤਾਂ, ਮਿਲਕੀਤਾਂ, ਜਾਇਦਾਦਾਂ, ਕੀ ਇਨ੍ਹਾਂ ਦੀ ਉਸਾਰੀ ਵਿੱਚ ਕਿਸੇ ਨੇ ਝੂਠ ਨਹੀਂ ਵਰਤਿਆ ? ਕੀ ਇਹ ਸਚਾਈ ਤੇ ਇਨਸਾਫ਼ ਦੇ ਚੂਨੇ-ਗਾਰੇ ਨਾਲ ਬਣੀਆਂ ਨੇ ? ਝੂਠ ਤੇ ਬੇਈਮਾਨੀ ਨਾਲ ਦੌਲਤ ਕਮਾਓ, ਰਿਸ਼ਵਤਾਂ ਖਾਉ, ਬਲੈਕ ਮਾਰਕੀਟ ਕਰ ਕੇ ਆਪਣੇ ਖਜ਼ਾਨੇ ਭਰੋ ਤੇ ਆਪਣੀ ਤਾਕਤ ਦਾ ਦਾਬਾ ਬਿਠਾਓ। ਫੇਰ ਕੀਹਦਾ ਮਜ਼ਾਲ ਏ ਜੇ ਝੂਠ ਦਾ ਲਫ਼ਜ਼ ਤੁਹਾਡੀ ਸ਼ਾਨ ਵਿੱਚ ਜ਼ਬਾਨ ਉੱਤੇ ਲਿਆ ਸਕੇ। ਦੌਲਤ ਵਾਲਿਆਂ, ਤਾਕਤ ਵਾਲਿਆਂ ਦਾ ਝੂਠ ਨਹੀਂ। ਝੂਠ ਸਿਰਫ਼ ਗਰੀਬਾਂ ਤੇ ਕੰਗਾਲਾਂ ਦੇ ਹਿੱਸੇ ਆਇਆ ਹੈ, ਬੱਸ।' [5]

ਇਸ ਇਕਾਂਗੀ ਬੇਈਮਾਨ ਵਿੱਚ, ਨਾਟਕਕਾਰ ਨੰਦਾ ਜੀਵਨ ਦਾ ਇਹੀ ਯਥਾਰਥ ਪੇਸ਼ ਕਰਨਾ ਚਾਹੁੰਦਾ ਹੈ ਤੇ ਪੇਸ਼ ਕੀਤਾ ਹੈ ਮਿਸਤਰੀ ਬਸੰਤ ਰਾਮ ਨੂੰ ਆਪਣੇ ਵਿਚਾਰਾਂ ਦਾ ਮਾਧਿਅਮ ਬਣਾ ਕੇ। ਆਮ ਤੌਰ ਉੱਤੇ ਨਾਟਕਕਾਰ ਆਪਣੇ ਨਾਟਕਾਂ ਵਿੱਚ ਆਪਣੇ ਵਿਚਾਰਾਂ ਦੇ ਕੋਈ ਨਾ ਕੋਈ ਬੁਲਾਰੇ ਜ਼ਰੂਰ ਪੇਸ਼ ਕਰਦੇ ਹਨ। ਇਹੀ ਵਿਧੀ ਨੰਦਾ ਨੇ ਵੀ ਅਪਣਾਈ ਹੈ। ਇਸ ਦੇ ਉਲਟ ਵੀ ਮਿਸਾਲਾਂ ਮਿਲਦੀਆਂ ਹਨ। ਵਿਲੀਅਮ ਸ਼ੇਕਸਪੀਅਰ ਦੇ ਨਾਟਕਾਂ ਬਾਰੇ ਕਿਹਾ ਜਾਂਦਾ ਹੈ ਕਿ ਅਜੇ ਤੱਕ ਵਿਦਵਾਨ ਇਹ ਨਹੀਂ ਲੱਭ ਸਕੇ ਕਿ ਕਿਹੜੇ ਨਾਟਕ ਵਿੱਚ ਸ਼ੈਕਸਪੀਅਰ ਦਾ ਕਿਹੜਾ ਬੁਲਾਰਾ ਹੈ। ਖੈਰ, ਹਰ ਨਾਟਕਕਾਰ ਦੀ ਆਪਣੀ ਆਪਣੀ ਵਿਧੀ ਹੁੰਦੀ ਹੈ ਅਤੇ ਪ੍ਰਤਿਭਾ ਵੀ।

ਅਤਰ ਸਿੰਘ ਹੋਰਾਂ ਤੇ ਈਸ਼ਵਰ ਚੰਦਰ ਨੰਦਾ ਦੀ ਨਾਟਕੀ ਵਾਰਤਾਲਾਪ ਬਾਰੇ ਇਹ ਰਾਏ ਕਾਇਮ ਕੀਤੀ ਹੈ ਕਿ ਜਿਵੇਂ ਈਸ਼ਵਰ ਚੰਦਰ ਨੰਦਾ ਦੇ ਪਾਤਰ ਵਾਸਤਵਿਕ ਹੁੰਦੇ ਹਨ, ਤਿਵੇਂ ਹੀ "ਉਸਦੀ ਨਾਟਕੀ ਵਾਰਤਾਲਾਪ ਵੀ ਯਥਾਰਥਕ ਹੁੰਦੀ ਹੈ - ਤਿੱਖੀ, ਚਿੰਗਾੜੀਆਂ ਛੱਡਦੀ, ਉੱਘੜਦੀ ਤੇ ਸਵਾਦਲੀ।" [6]

ਨੰਦਾ ਨੇ ਨਾਟਕ ਲਿਖੇ ਹੀ ਨਹੀਂ, ਖੇਡੇ ਵੀ। ਯਾਨੀ, ਉਸ ਨੇ ਨਾਟਕ ਖੇਡਣ ਲਈ ਹੀ ਲਿਖੇ। ਇਹ ਇਕਾਂਗੀ ਵੀ ਖੇਡਿਆ ਗਿਆ ਹੈ। ਮਈ, 1950 ਵਿੱਚ "ਇਸ ਇਕਾਂਗੀ ਨੂੰ ਪੰਜਾਬੀ ਥੀਏਟਰ, ਨਿਊ ਦਿੱਲੀ ਨੇ, ਜੋ ਸ੍ਰੀ ਜੀ. ਐਸ. ਖੋਸਲਾ ਦੀ ਪ੍ਰਧਾਨਗੀ ਹੇਠ ਬੜੇ ਉਤਸ਼ਾਹ ਨਾਲ ਕੰਮ ਕਰ ਰਿਹਾ ਹੈ, ਸਟੇਜ ਉੱਤੇ ਚੰਗੀ ਸਫ਼ਲਤਾ ਨਾਲ ਵਿਖਾਇਆ।" [6]

**ਦੂਜਾ ਅਭਿਆਸ**

ਹੇਠਾਂ ਪੁੱਛੇ ਗਏ ਪ੍ਰਸ਼ਨਾਂ ਦੇ ਸੰਖੇਪ ਜਵਾਬ ਦਿੱਤੇ ਜਾਣੇ ਹਨ। ਜਵਾਬ ਖ਼ਾਲੀ ਥਾਵਾਂ ਉੱਤੇ ਦਿਓ।

1 ਨੰਦਾ ਦੇ ਇਕਾਂਗੀ ਬੇਈਮਾਨ ਦਾ ਕੇਂਦਰੀ ਨੁਕਤਾ ਕੀ ਹੈ ? ਮਿਸਾਲਾਂ ਦੇ ਕੇ ਜਵਾਬ ਦਿਓ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 'ਬੇਈਮਾਨ' ਇਕਾਂਗੀ ਨੰਦਾ ਦੇ ਕਿਹੜੇ ਇਕਾਂਗੀ-ਸੰਗ੍ਰਹਿ ਵਿੱਚੋਂ ਲਿਆ ਗਿਆ ਹੈ।

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

3 'ਬੇਈਮਾਨ' ਇਕਾਂਗੀ ਵਿੱਚ ਮੋਟਰ ਵਾਲੇ ਦਾ ਕੀ ਨਾਂ ਸੀ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

4 ਮਿਸਤਰੀ ਬਸੰਤ ਰਾਮ ਨਾਲ ਜਾਣ-ਪਛਾਣ ਕਰਵਾਉਣ ਲਈ ਕੀ ਮੋਟਰ ਵਾਲੇ ਬਾਰੇ ਦੱਸਣਾ ਵੀ ਜ਼ਰੂਰੀ ਹੈ ? ਜੇ ਹੈ ਤਾਂ ਕਿਉਂ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

---

4 ਈਸ਼ਵਰ ਚੰਦਰ ਨੰਦਾ, **ਝਲਕਾਰੇ** ('ਬੇਈਮਾਨ' ਦੀ ਭੂਮਿਕਾ) ਪੰਨਾ 113

5 -ਉਹੀ- ਪੰਨਾ 141-142

6 -ਉਹੀ- ਪੰਨਾ 113

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

## 18.8 ਸਹਾਇਕ ਪੁਸਤਕਾਂ


1 ਉੱਤਮ ਸਿੰਘ ਭਾਟੀਆ ਤੇ ਰਾਜਿੰਦਰ ਸਿੰਘ ਪਾਵਨ,**ਨਾਟਕਕਾਰ ਗੁਰਦਿਆਲ ਸਿੰਘ ਖੋਸਲਾ**, ਪੈਪਸੂ ਬੁੱਕ ਡਿਪੂ, ਪਟਿਆਲਾ, 1969

2 ਅਤਰ ਸਿੰਘ (ਸੰਪਾਦਕ) **ਚੋਣਵੇਂ ਪੰਜਾਬੀ ਇਕਾਂਗੀ**, ਨੈਸ਼ਨਲ ਬੁੱਕ ਟਰੱਸਟ ਇੰਡੀਆ, ਨਵੀਂ ਦਿੱਲੀ 1963

3 ਅਮਰਜੀਤ ਸਿੰਘ, **ਪੰਜ ਨਾਟਕਕਾਰ**, ਨਾਨਕ **ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1966**

4 ਈਸ਼ਵਰ ਚੰਦਰ ਨੰਦਾ, **ਝਲਕਾਰੇ** (ਇਕਾਂਗੀ-ਸੰਗ੍ਰਹਿ) ਨੰਦਾ ਸਾਹਿੱਤ ਭਵਨ, ਲੋਧੀ ਰੋਡ, ਨਵੀਂ ਦਿੱਲੀ। ਦੂਜੀ ਵਾਰ 1953

5 ਗੁਰਚਰਨ ਸਿੰਘ, **ਨਾਟਕਕਾਰ ਈਸ਼ਵਰ ਚੰਦਰ ਨੰਦਾ**, ਨਿਊ ਬੁੱਕ ਕੰਪਨੀ, ਜਲੰਧਰ, 1969

6 ਪ੍ਰਿਤਪਾਲ ਸਿੰਘ, **ਹਰਚਰਨ ਸਿੰਘ ਦੀ ਨਾਟਕਕਲਾ**, ਪੰਜਾਬੀ ਪ੍ਰਕਾਸ਼ਨ ਦਿੱਲੀ 1956

7 ਰੌਸ਼ਨ ਲਾਲ ਆਹੂਜਾ ਤੇ ਗੁਰਦਿਆਲ ਸਿੰਘ ਫੁਲ, **ਸਾਹਿੱਤ ਦੇ ਮੁੱਖ ਰੂਪ**, ਕੁਲਦੀਪ ਪ੍ਰੈਸ, ਅੰਮ੍ਰਿਤਸਰ, ਪਹਿਲੀ ਵਾਰ ਜਨਵਰੀ, 1956


## 18.9 ਅਭਿਆਸਾਂ ਦੇ ਉੱਤਰ

**ਪਹਿਲਾ ਅਭਿਆਸ**

1 ਇਸ ਗੱਲ ਨਾਲ ਪੂਰੀ ਸਹਿਮਤੀ ਹੈ ਕਿ ਇਕਾਂਗੀ ਦਾ ਜਨਮ ਪੱਛਮ ਵਿੱਚ ਹੋਇਆ। ਕੁੱਝ ਦਰਸ਼ਕ ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਹੀ ਆ ਜਾਂਦੇ। ਇਹ ਦਰਸ਼ਕ ਬੈਠੇ ਰਹਿਣ ਇਸ ਲਈ ਕੋਈ ਨਾ ਕੋਈ ਛੋਟੀ-ਮੋਟੀ ਨਕਲ ਜਾਂ ਝਾਕੀ ਇਹਨਾਂ ਸਾਹਮਣੇ ਪੇਸ਼ ਕੀਤੀ ਜਾਂਦੀ। ਇੱਕ ਨਕਲ ਜਾਂ ਝਾਕੀ ਹੀ ਇਕਾਂਗੀ ਦਾ ਮੁਢਲਾ ਰੂਪ ਸੀ।

2 ਪਾਤਰਾਂ ਦੀ ਘੱਟ ਗਿਣਤੀ, ਇਕਹਿਰੀ ਬਣਤਰ ਤੇ ਪ੍ਰਭਾਵ ਦੀ ਏਕਤਾ, ਇਹ ਤਿੰਨ ਗੁਣ ਕਿਸੇ ਵੀ ਇਕਾਂਗੀ ਵਿੱਚ ਸਫ਼ਲ ਕਲਾਕ੍ਰਿਤ ਹੋਣ ਲਈ ਜ਼ਰੂਰੀ ਹਨ।

3 ਈਸ਼ਵਰ ਚੰਦਰ ਨੰਦਾ ਨੇ 'ਦੁਲਹਨ' ਨਾਂ ਦਾ ਇਕਾਂਗੀ ਸੰਨ 1913 ਵਿੱਚ ਲਿਖਿਆ ਤੇ ਦਿਆਲ ਸਿੰਘ ਕਾਲਜ ਲਾਹੌਰ ਦੀ ਸਟੇਜ ਉੱਤੇ ਖੇਡਿਆ। ਇਹੀ ਪੰਜਾਬੀ ਦਾ ਪਹਿਲਾ ਇਕਾਂਗੀ ਸੀ ਅਤੇ ਇਸ ਤੋਂ ਇਕਾਂਗੀ ਦੇ ਮੁਢਲੇ ਦੌਰ ਦੀ ਨੀਂਹ ਰੱਖੀ ਗਈ। ਇਸ ਮੁੱਢਲੇ ਦੌਰ ਦੇ ਦੋ ਇਕਾਂਗੀ ਲੇਖਕਾਂ ਦੇ ਨਾਂ ਹਨ: ਐਸ.ਐਸ. ਭਟਨਾਗਰ ਤੇ ਰਜਿੰਦਰ ਲਾਲ ਸਾਹਨੀ। ਦੂਜਾ ਦੌਰ ਸੰਤ ਸਿੰਘ ਸੇਖੋਂ ਦੇ ਇਕਾਂਗੀ ਸੰਗ੍ਰਹਿ 'ਛੇ-ਘਰ' ਤੋਂ ਮੰਨਿਆ ਜਾਂਦਾ ਹੈ। ਇਹ ਸੰਗ੍ਰਹਿ ਸੰਨ 1940 ਵਿੱਚ ਪ੍ਰਕਾਸ਼ਿਤ ਹੋਇਆ ਸੀ। ਪੰਜਾਬੀ ਦੇ ਸਿਰਮੌਰ ਨਾਟਕਕਾਰ ਬਲਵੰਤ ਗਾਰਗੀ ਨੇ ਇਸੀ ਦੂਜੇ ਦੌਰ ਵਿੱਚ ਹੀ ਇਕਾਂਗੀ ਲਿਖਣੇ ਤੇ ਖੇਡਣੇ ਸ਼ੁਰੂ ਕੀਤੇ ਸਨ। ਤੀਜਾ ਦੌਰ ਦੇਸ਼ ਦੀ ਆਜ਼ਾਦੀ ਤੋਂ ਮਗਰੋਂ ਸ਼ੁਰੂ ਹੋਇਆ। ਇਸ ਦੌਰ ਦੇ ਪ੍ਰਮੁੱਖ ਇਕਾਂਗੀ ਲੇਖਕ ਹਨ: ਅਮਰੀਕ ਸਿੰਘ, ਗੁਰਚਰਨ ਸਿੰਘ ਜਸੂਜਾ ਤੇ ਕਪੂਰ ਸਿੰਘ ਘੁੰਮਣ।

4 ਈਸ਼ਵਰ ਚੰਦਰ ਨੰਦਾ ਨੇ ਇਕਾਂਗੀਆਂ ਤੋਂ ਅਲਾਵਾ ਪੂਰੇ ਨਾਟਕ ਤੇ ਨਾਵਲ ਵੀ ਲਿਖੇ, ਜਿੰਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ:
**ਪੂਰੇ ਨਾਟਕ** : ਸੁਭੱਦਰਾ; ਵਰ ਘਰ; ਸੋਸ਼ਲ ਸਰਕਲ ਤੇ ਸ਼ਾਮੂ ਸ਼ਾਹ (ਸ਼ਾਮੂਸ਼ਾਹ ਸੈਕਸਪੀਅਰ ਦੇ ਨਾਟਕ 'ਮਰਚੈਂਟ ਆਫ਼ ਵੈਨਿਸ' ਦਾ ਪੰਜਾਬੀ ਰੁਪਾਂਤਰਣ ਹੈ।)
**ਇਕਾਂਗੀ ਸੰਗ੍ਰਹਿ** : ਝਲਕਾਰੇ, ਲਿਸ਼ਕਾਰੇ; ਚਮਕਾਰੇ।
**ਨਾਵਲ** : ਮੁਰਾਦ; ਤੇਜ ਕੌਰ।

5 ਨੰਦਾ ਨੇ ਆਪਣੇ ਇਕਾਂਗੀਆਂ ਤੇ ਪੂਰੇ ਨਾਟਕਾਂ ਵਿੱਚ ਸਮਕਾਲੀ ਸਮਾਜ ਨੂੰ ਹੀ ਪੇਸ਼ ਕੀਤਾ ਹੈ। ਇਸ ਸਮਕਾਲੀ ਪੰਜਾਬੀ ਜੀਵਨ ਦਾ ਦ੍ਰਿਸ਼ ਬੜਾ ਵਿਸ਼ਾਲ ਹੈ। ਇਸ ਸਮਾਜ ਵਿੱਚ ਹਰ ਪ੍ਰਕਾਰ ਦੇ ਬੰਦੇ ਵਸਦੇ ਹਨ ਜਿਹੜੇ ਅਨੇਕ ਪ੍ਰਕਾਰ ਦੇ ਵਹਿਮਾਂ ਭਰਮਾਂ ਵਿੱਚ ਗਲਤਾਨ ਹਨ। ਕੁਰੀਤੀਆਂ ਦੀ ਵੀ ਕੋਈ ਘਾਟ ਨਹੀਂ। ਕਰਜ਼ਾ ਦੇਣ ਵਾਲੇ ਤੇ ਸੂਦ ਉੱਤੇ ਪੈਸਾ ਉਧਾਰ ਲੈਣ ਵਾਲੇ ਦੋਵੇਂ ਮੌਜੂਦ ਹਨ। ਲੋਕਾਂ ਦਾ ਧਰਮ ਵਿੱਚ ਅੰਨ੍ਹਾਂ ਵਿਸ਼ਵਾਸ ਹੈ। ਪਾਖੰਡੀ ਸਾਧੂ ਤਾਂ ਫਿਰ ਪੈਦਾ ਹੋਣੇ ਹੀ ਹੋਏ। ਵਿਆਹ ਦੀ ਪ੍ਰਥਾ ਬਾਰੇ ਵੀ ਨੰਦਾ ਨੇ ਨਾਟਕ ਲਿਖੇ ਜਿੰਨਾ ਵਿੱਚ ਬਾਲ-ਵਿਆਹ ਦੀ ਪ੍ਰਥਾ ਉੱਪਰ ਚੋਟ ਹੈ ਅਤੇ ਵਿਧਵਾ-ਵਿਆਹ ਦੀ ਪਾਬੰਦੀ ਨੂੰ ਤੋੜਨ ਦਾ ਅਹਿਸਾਸ ਵੀ।

ਜਦੋਂ ਵਿਦੇਸ਼ੀ ਹਾਕਮਾ ਯਾਨੀ ਅੰਗ੍ਰੇਜ਼ਾਂ ਨੇ ਸਾਡੇ ਸਮਾਜ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕੀਤਾ ਉਦੋਂ ਸਾਡੇ ਜੀਵਨ ਵਿੱਚ ਤਬਦੀਲੀਆਂ ਆਉਣੀਆਂ ਸ਼ੁਰੂ ਹੋਈਆਂ ਇਹ ਤਬਦੀਲੀਆਂ 'ਸੋਸ਼ਲ ਸਰਕਲ' ਤੇ 'ਵਰ-ਘਰ' ਵਿੱਚ ਬੜੀ ਨਿਪੁੰਨਤਾ ਨਾਲ ਪੇਸ਼ ਕੀਤੀਆਂ ਗਈਆਂ ਹਨ। ਸੰਖੇਪ ਵਿੱਚ ਨੰਦਾ ਨੇ ਪੁਰਾਣਾ ਪੰਜਾਬ ਤੇ ਬਦਲ ਰਿਹਾ ਪੰਜਾਬ ਇਨ੍ਹਾਂ ਦੋਹਾਂ ਨੂੰ ਆਪਣੇ ਨਾਟਕਾਂ ਵਿੱਚ ਪੇਸ਼ ਕੀਤਾ ਹੈ।

**ਦੂਜਾ ਅਭਿਆਸ**

1 'ਬੇਈਮਾਨ' ਇਕਾਂਗੀ ਦਾ ਬੁਨਿਆਦੀ ਨੁਕਤਾ ਬੇਈਮਾਨੀ ਹੈ। ਮਿਸਤਰੀ ਬਸੰਤ ਰਾਮ ਮੋਟਰ ਵਾਲੇ ਦੇ ਹੀ ਡਿੱਪਰ ਨੂੰ ਸਾਫ਼ ਕਰਕੇ ਨਵੇ ਡਿੱਪਰ ਦੇ ਪੈਸੇ ਮਾਠਣ ਦਾ ਜਤਨ ਕਰਦਾ ਹੈ। ਪਰ, ਇਹ ਭੇਦ ਖੁਲ੍ਹ ਜਾਂਦਾ ਹੈ। ਮਿਸਤਰੀ ਹੀ ਨਹੀਂ ਬਲਕਿ ਮੋਟਰ ਦਾ ਮਾਲਕ ਰਾਇ ਸਾਹਿਬ ਜਵਾਲਾ ਦਾਸ ਵੀ ਬੇਇਮਾਨ ਸਿੱਧ ਹੁੰਦਾ ਹੈ ਕਿਉਂਕਿ ਉਸ ਨੇ ਵੀ ਮੋਟਰ ਰਿਸ਼ਵਤ ਵਿੱਚ ਲਈ ਸੀ।

2 'ਬੇਈਮਾਨ' ਇਕਾਂਗੀ-ਸੰਗ੍ਰਿਹ ਨੰਦਾ ਦੇ 'ਝਲਕਾਰਾ' ਨਾਂ ਦੇ ਇਕਾਂਗੀ-ਸੰਗ੍ਰਹਿ ਵਿਚੋਂ ਲਿਆ ਗਿਆ ਹੈ।

3 ਮੋਟਰ ਵਾਲੇ ਦਾ ਨਾਂ ਸੀ - ਰਾਇ ਸਾਹਿਬ ਜਵਾਲਾ ਦਾਸ।

4 ਮਿਸਤਰੀ ਬਸੰਤ ਰਾਮ ਤੇ ਮੋਟਰ ਵਾਲਾ ਦੋਵੇਂ ਬੇਈਮਾਨ ਹਨ। ਇੱਕ ਛੋਟੀ ਪੱਧਰ ਦਾ ਤੇ ਦੂਜਾ ਵੱਡੇ ਪੱਧਰ ਉੱਤੇ ਬੇਈਮਾਨ ਹੈ। ਬੇਈਮਾਨੀ ਹਰ ਪੱਧਰ ਉੱਤੇ ਹੋ ਰਹੀ ਹੈ ਇਹ ਦੱਸਣ ਲਈ ਹੀ ਮਿਸਤਰੀ ਬਸੰਤ ਰਾਮ ਦਾ ਜ਼ਿਕਰ ਮੋਟਰ ਵਾਲੇ ਦੇ ਜ਼ਿਕਰ ਤੋਂ ਬਿਨਾ ਅਧੂਰਾ ਹੀ ਰਹੇਗਾ।